## ਲੜੀਵਾਰ ਨਾਵਲ / ਕਾਂਡ-39

# ਕਿਸਾਨ ਬਣ ਰਿਹਾ ਗ਼ੁਲਾਮ

ਡਾ. ਨਰਿੰਦਰ ਸਿੰਘ ਹਰੀਕਾ
98760-34567



ਸਮਾਂ ਆਪਣੀ ਤੋਰ ਤੁਰਦਾ ਗਿਆ। ਜ਼ਿੰਦਗੀ ਸਮੇਂ ਦੀ ਉਂਗਲੀ ਫੜ ਕੇ ਅਗੇਰੇ-ਹੋਰ ਅਗੇਰੇ ਪੁਲਾਂਘਾਂ ਪੁੱਟਦੀ ਚੱਲੀ ਗਈ। ਮਾਂ, ਫਤਹਿ ਬਹਾਦਰ, ਕ੍ਰਾਂਤੀ ਊਸ਼ਾ, ਬਲਵੀਰ, ਸਤਨਾਮ, ਮਨਿੰਦਰ, ਮੁਹੰਮਦ ਖਾਂ ਅਤੇ ਸੋਨੀਆ ਵਰਗੇ ਭਾਰਤ ਦੇ ਹੋਰ ਕਿੰਨੇ ਹੀ ਕ੍ਰਾਂਤੀਕਾਰੀ, ਆੜ੍ਹਤੀਆਂ, ਵੱਡੇ ਜਗੀਰਦਾਰਾਂ ਵੱਡੀਆਂ-ਵੱਡੀਆਂ ਦੇਸ਼ੀ-ਵਿਦੇਸ਼ੀ ਲੁਟੇਰੀਆਂ ਅਤੇ ਜਾਬਰ ਕੰਪਨੀਆਂ ਵੱਲੋਂ ਕਰਜ਼ੇ, ਮਹਿੰਗਾਈ, ਭੁੱਖਮਰੀ, ਗਰੀਬੀ, ਅਸ਼ਲੀਲਤਾ, ਹਿੰਸਾ, ਫਿਰਕੂ ਅਤੇ ਜਾਤੀ-ਪਾਤੀ ਦੰਗਿਆਂ-ਫਸਾਦਾਂ ਅਤੇ ਨਸ਼ਿਆਂ ਅਜਿਹੀਆਂ ਬੁਰਾਈਆਂ ਨਾਲ ਹਲਾਲ ਕਰੀ ਜਾ ਰਹੀ ਮਨੁੱਖੀ ਜ਼ਿੰਦਗੀ ਨੂੰ ਮੁਕਤ ਕਰਵਾਉਣ ਲਈ ਆਪਣੀ-ਆਪਣੀ ਥਾਂ ਦਿਨ-ਰਾਤ ਇੱਕ ਕਰਦੇ ਰਹੇ। ਉਨ੍ਹਾਂ ਸਾਰੇ ਕ੍ਰਾਂਤੀਕਾਰੀਆਂ ਨੇ ਪਹਿਲਾ ਕੰਮ ਮਨੁੱਖੀ ਸਮਾਜ ਦੇ ਅਲੱਗ-ਅਲੱਗ ਮਿਹਨਤੀ ਤਬਕਿਆਂ ਨੂੰ ਵਿਚਾਰਧਾਰਕ, ਰਾਜਨੀਤਕ ਅਤੇ ਸੱਭਿਆਚਾਰਕ ਪੱਖਾਂ ਤੋਂ ਚਿੰਤਨ ਕਰਨ ਦੀ ਜ਼ਬਰਦਸਤ ਮੁਹਿੰਮ ਚਲਾਈ। ਚੇਤਨਾ ਫੈਲਾਉਣ ਦੀ ਮੁਹਿੰਮ ਚਲਾਉਣ ਦੇ ਨਾਲ-ਨਾਲ ਉਨ੍ਹਾਂ ਨੇ ਭਾਰਤ ਮਾਂ ਦੇ ਸਪੂਤਾਂ ਦੇ ਅਲੱਗ-ਅਲੱਗ ਮਿਹਨਤੀ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਫੌਰੀ ਆਰਥਿਕ, ਜਮਹੂਰੀ ਅਤੇ ਰਾਜਨੀਤਕ ਹਿੱਤਾਂ ਦੇ ਆਧਾਰ 'ਤੇ ਭਾਰਤੀ ਜੱਥੇਬੰਦੀਆਂ ਵਿੱਚ ਜੱਥੇਬੰਦ ਕਰਨ ਦਾ ਬੇਅਥਾਹ ਚੰਗਾ ਅਤੇ ਸੋਹਣਾ ਕੰਮ ਵੀ ਕੀਤਾ। ਕੁੱਝ ਸਾਲਾਂ ਵਿੱਚ ਵੀ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ, ਔਰਤਾਂ ਅਤੇ ਬਜ਼ੁਰਗਾਂ ਵਗੈਰਾ ਦੀਆਂ ਆਪਣੀਆਂ-ਆਪਣੀਆਂ ਜੱਥੇਬੰਦੀਆਂ ਭਾਰਤ ਪੱਧਰ 'ਤੇ ਹੋਂਦ ਵਿੱਚ ਆਈਆਂ। ਜੱਥੇਬੰਦੀਆਂ ਆਪਣੇ-ਆਪਣੇ ਹੱਕਾਂ-ਹਕੂਕਾਂ ਨੂੰ ਲੈ ਕੇ ਸੰਘਰਸ਼ਾਂ ਦੇ ਰਾਹੀਂ ਕਦਮ-ਬ-ਕਦਮ ਅੱਗੇ ਹੋਰ ਵੱਧਣ ਲੱਗੀਆਂ। ਮਾਂ ਦੇ ਪੁੱਤਰਾਂ ਧੀਆਂ ਜਿਵੇਂ ਫਤਹਿ ਬਹਾਦਰ, ਕ੍ਰਾਂਤੀ ਊਸ਼ਾ ਅਤੇ ਹੋਰਾਂ ਦੀ ਅਗਵਾਈ ਵਿੱਚ ਚੱਲਦੇ ਸੰਘਰਸ਼ਾਂ ਨੇ ਇੱਕ ਪਾਸੇ ਯੁੱਗਾਂ ਤੋਂ ਲੁੱਟੇ ਲਤਾੜੇ ਲੋਕਾਂ ਦੀ ਚੇਤੰਨਾ ਅਤੇ ਹੌਂਸਲਿਆਂ ਨੂੰ ਸ਼ਾਨ ਤੇ ਲਾਏ ਸੰਦ ਵਾਂਗ ਲਿਸ਼ਕਾਉਣਾ, ਚਮਕਾਉਣਾ ਸ਼ੁਰੂ ਕੀਤਾ ਸੀ ਤਾਂ ਦੂਸਰੇ ਪਾਸੇ ਦੇਸੀ-ਵਿਦੇਸ਼ੀ ਲੁਟੇਰੀਆਂ ਕੰਪਨੀਆਂ ਲਈ ਛੱਤਰੀ ਬਣਦੀ ਆ ਰਹੀ ਭਾਰਤੀ ਰਾਜ-ਸਤਾਅ ਦੇ ਦਿਲੀ ਹੌਲ ਪਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਨੇ ਆਪਣੇ ਭਵਿੱਖੀ ਖਤਰੇ ਨੂੰ ਭਾਂਪਦਿਆਂ ਕ੍ਰਾਂਤੀਕਾਰੀਆਂ ਤੇ ਸ਼ਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਸੀ। ਮਾਂ ਨੂੰ ਫੜ ਕੇ ਜੇਲ੍ਹ ਵਿੱਚ ਤਸੀਹੇ ਝੱਲਦੀ ਨੂੰ ਸ਼ਹੀਦੀ ਜਾਮ ਪੀਣਾ ਪਿਆ। ਗੁਰਮੀਤ ਮੇਰਠ ਵਿੱਚ ਜੂਝਦਾ ਸ਼ਹੀਦ ਹੋ ਗਿਆ, ਬੰਦ ਕੀਤਾ ਗਿਆ।

ਫਤਹਿ ਬਹਾਦਰ ਅਤੇ ਕ੍ਰਾਂਤੀ ਊਸ਼ਾ ਨੂੰ ਆਪਣਾ ਬਹੁਤ ਸਮਾਂ ਬਾਹਰਲੇ ਸੂਬਿਆਂ ਵਿੱਚ ਗੁਜ਼ਾਰਨ ਲਈ ਮਜ਼ਬੂਰ ਹੋਣਾ ਪਿਆ। ਬਲਵੀਰ, ਗੁਰਜੀਤ, ਮਨਿੰਦਰ, ਸੋਨੀਆ ਤੇ ਮੁਹੰਮਦ ਖਾਂ ਅਤੇ ਦੂਸਰੇ ਹੋਰ ਕ੍ਰਾਂਤੀਕਾਰੀ ਆਪਣੀ ਜ਼ਿੰਦਗੀ ਦੇ ਵਧੇਰੇ ਦਿਨ ਅਤੇ ਰਾਤਾਂ ਪੇਂਡੂ ਗਰੀਬਾਂ ਦੇ ਕੱਚੇ ਖੋਲਿਆਂ ਵਿੱਚ ਗੁਜ਼ਾਰਨ ਲੱਗੇ। ਉਹ ਸਾਰੇ ਪਹਿਲਾਂ ਨਾਲੋਂ ਵੱਧ ਜੋਸ਼ੋ-ਖਰੋਸ਼ ਅਤੇ ਦ੍ਰਿੜਤਾ-ਦਲੇਰੀ ਨਾਲ ਕ੍ਰਾਂਤੀ ਲਈ ਕੰਮ ਕਰਨ ਲੱਗੇ। ਉਨ੍ਹਾਂ ਦੀ ਸਖਤ ਮਿਹਨਤ ਨੂੰ ਫੁੱਲ-ਫਲ ਲੱਗਣੇ ਸ਼ੁਰੂ ਹੋ ਗਏ। ਫਤਹਿ ਬਹਾਦਰ ਅਤੇ ਕ੍ਰਾਂਤੀ ਊਸ਼ਾ ਦੇ ਦਿਨ ਰਾਤ ਇੱਕ ਕਰਕੇ ਘਾਲਣਾ-ਘਾਲਣ ਕਾਰਨ ਭਾਰਤ-ਪੱਧਰੀ ਇੱਕ ਜੱਥੇਬੰਦੀ ਹੋਂਦ ਵਿੱਚ ਆਈ। ਜਿਸ ਜੱਥੇਬੰਦੀ ਦਾ ਨਾਂਅ ਸੀ ਸਾਮਰਾਜੀ ਅਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀਆਂ ਲੁਟੇਰੀਆਂ ਅਤੇ ਜਾਬਰ ਕੰਪਨੀਆਂ ਵਿਰੋਧੀ ਭਾਰਤੀ ਲੋਕਾਂ ਦਾ ਸਾਂਝਾ ਮੋਰਚਾ। ਇਸ ਭਾਰਤ ਪੱਧਰੇ ਮੋਰਚੇ ਵਿੱਚ ਭਾਰਤ ਮਜ਼ਦੂਰਾਂ ਕਿਸਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ, ਔਰਤਾਂ, ਬਜ਼ੁਰਗਾਂ ਅਤੇ ਛੋਟੇ ਭਾਰਤੀ ਵਪਾਰੀਆਂ ਦੀਆਂ ਜੱਥੇਬੰਦੀਆਂ ਸ਼ਾਮਲ ਸਨ। ਉਸ ਸਾਂਝੇ ਮੋਰਚੇ ਦਾ ਪ੍ਰਧਾਨ ਫਤਹਿ ਬਹਾਦਰ ਨੂੰ ਅਤੇ ਸਕੱਤਰ ਕ੍ਰਾਂਤੀ ਊਸ਼ਾ ਨੂੰ ਬਣਾਇਆ ਗਿਆ ਸੀ।

ਫਤਹਿ ਬਹਾਦਰ ਅਤੇ ਕਾਂ੍ਤੀ ਊਸ਼ਾ ਸਾਂਝੇ ਮੋਰਚੇ ਨੂੰ ਅਗਵਾਈ ਦੇਣ ਦੇ ਨਿਸ਼ਾਨੇ ਨਾਲ ਰਾਜ ਸਤਾਅ ਦੀ ਭੈਂਗੀ ਨਜ਼ਰ ਤੋਂ ਬਚ ਕੇ ਰਹਿੰਦੇ ਆ ਰਹੇ ਸਨ। ਉਸ ਸ਼ਾਮ ਦੇ ਮੂੰਹ ਹਨ੍ਹੇਰੇ ਉਹ ਦੋਵੇਂ ਆਪਣੀ ਕ੍ਰਾਂਤੀਕਾਰੀ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ। ਜਿਸ ਸ਼ਾਮ ਦੇ ਮੂੰਹ-ਹਨ੍ਹੇਰੇ ਅਕਾਸ ਵਿੱਚ ਚੰਨ ਦਾ ਪੀਲਾ ਟੋਟਾ ਸਲੇਟੀ ਰੰਗ ਦੇ ਬੱਦਲਾਂ ਨਾਲ ਲੁੱਕਣ ਮੀਟੀ ਖੇਡਦਾ ਨਜ਼ਰ ਆ ਰਿਹਾ ਸੀ। ਪੱਛਮ ਦਿਸ਼ਾ ਵੱਲੋਂ ਚੱਲ ਰਹੀ ਠੰਢੀ ਸੀਤ ਹਵਾ, ਰੇਤਲੇ ਸਾਹ ਦੇ ਦੋਵੇਂ ਪਾਸਿਆਂ ਵਾਲੇ ਖੇਤਾਂ ਵਿਚਲੀ ਕਣਕ ਅਤੇ ਸਰ੍ਹੋਂ ਦੀਆਂ ਫਸਲਾਂ ਨਾਲ ਛੇੜਖਾਨੀ ਕਰਦੀ ਵੱਗ ਰਹੀ ਸੀ। ਸਰ੍ਹੋਂ ਦੇ ਪੀਲੇ ਫੁੱਲ ਅਤੇ ਫੁੱਟ-ਫੁੱਟ ਕਰਦੀ ਕਣਕ ਦੇ ਹਰੇ-ਹਰੇ ਪੱਤੇ ਹਵਾ ਦੀਆਂ ਛੇੜਖਾਨੀਆਂ ਨਾਲ ਸ਼ਰਾਬੀਆਂ ਵਾਂਗ ਝੂੰਮਦੇ ਨਜ਼ਰ ਆ ਰਹੇ ਸਨ। ਫਤਹਿ ਬਹਾਦਰ, ਲੱਗੀ ਕਾਲੀ ਐਨਕ ਸਿਰ ਤੇ ਲਈ ਟੋਪੀ, ਗਲ ਪਾਏ ਲੰਬੇ ਭੂਰੇ ਰੰਗ ਦੇ ਕੋਟ, ਤੇੜ ਪਹਿਨੀ ਸਲੇਟੀ ਰੰਗ ਦੀ ਜ਼ੀਨ ਦੀ ਪੈਂਟ ਅਤੇ ਹੱਥ ਵਿੱਚ ਫੜੇ ਭਾਰੇ ਅਤੇ ਕਾਲੇ ਰੰਗ ਦੇ ਬੈਗ ਨਾਲ ਪੰਜਾਬੀ ਨਜ਼ਰ ਆਉਣ ਦੀ ਥਾਂ ਕੋਈ ਪ੍ਰਵਾਸੀ ਫਿਲਾਸਫਰ ਲੱਗ ਰਿਹਾ ਸੀ। ਉਸ ਦੇ ਮਗਰ-ਮਗਰ ਤੁਰ ਰਹੀ ਕ੍ਰਾਂਤੀ ਊਸ਼ਾ ਕਾਲੀ ਸਲਵਾਰ, ਕੋਕਾ ਕੋਲਾ ਰੰਗ ਦੀ ਕਮੀਜ਼, ਉੱਤੇ ਦੀ ਬਿਸਕੁਟੀ ਰੰਗ ਦੇ ਲੰਬੇ ਕੋਟ ਪਹਿਨੀ ਅਤੇ ਹੱਥ ਵਿੱਚ ਫੜ੍ਹੇ ਪਰਸ ਨਾਲ ਕੋਈ ਡਾਕਟਰਨੀ ਜਾਪ ਰਹੀ ਸੀ। ਰਾਹ ਦੇ ਰੇਤੇ ਕਾਰਨ ਔਖਾ ਜਿਹਾ ਤੁਰਦੀ ਕ੍ਰਾਂਤੀ ਊਸ਼ਾ ਨੇ ਕਿਹਾ

"ਸਾਥੀ ਫਤਹਿ ! ਅੱਜ ਦੀ ਮੀਟਿੰਗ ਵਿੱਚ ਤਾਂ ਆਪਾਂ ਨੂੰ ਆਪਣੀ ਮੈਰਿਜ ਦਾ ਏਜੰਡਾ ਰੱਖ ਹੀ ਦੇਣਾ ਚਾਹੀਦਾ ਹੈ।"

"ਹਾਂ.... ਫਤਹਿ ਬਹਾਦਰ ਪਛਤਾਵੇ ਭਰੇ ਅੰਦਾਜ਼ ਵਿੱਚ ਬੋਲਿਆ "ਏਹ ਏਜੰਡਾ ਤਾਂ ਆਪਾਂ ਨੂੰ ਆਪਣੇ ਵਿਚਕਾਰ ਸੈਕਸੂਅਲ ਰਿਲੇਸ਼ਨ ਡਿਵੈਲਪ ਹੋਣ ਤੋਂ ਪਹਿਲਾਂ ਹੀ ਰੱਖਣਾ ਚਾਹੀਦਾ ਸੀ। ਇਉਂ ਨਾ ਕਰਕੇ ਆਪਾਂ ਬਹੁਤ ਵੱਡੀ ਮਿਸਟੇਕ ਕੀਤੀ ਹੈ। ਇਹ ਏਜੰਡਾ ਰੱਖਣ ਤੋਂ ਪਹਿਲਾਂ ਆਪਾਂ ਨੂੰ ਮੀਟਿੰਗ ਵਿੱਚ ਇਸ ਮਿਸਟੇਕ ਦਾ ਸੈਲਫ-ਕਰੀਟੀਸਿਜਮ ਜ਼ਰੂਰ ਕਰ ਲੈਣਾ ਚਾਹੀਦੈ।"

"ਤੁਹਾਡੀ ਇਹ ਲੌਜਿਕ ਟੋਟਲੀ ਠੀਕ ਹੈ। ਆਪਾਂ ਨੂੰ ਇਵੇਂ ਹੀ ਕਰਨਾ ਚਾਹੀਦੈ।"

ਉਹ ਦੋਵੇਂ ਗੱਲਾਂ ਕਰਦੇ ਕਰਦੇ ਇੱਕ ਖੇਤ ਵਿਚਲੇ ਘਰ ਦੇ ਉਸ ਕਮਰੇ ਵਿੱਚ ਪਹੁੰਚੇ, ਜਿਸ ਕਮਰੇ ਵਿੱਚ ਟਿਊਬ ਦੀ ਦੁਧੀਆ ਰੌਸ਼ਨੀ ਪਸਰੀ ਹੋਈ ਸੀ। ਮਨਿੰਦਰ, ਸਤਨਾਮ, ਬਲਵੀਰ, ਸੋਨੀਆ, ਮੁਹੰਮਦ ਖਾਂ ਅਤੇ ਪੰਜ ਛੇ ਹੋਰ ਕ੍ਰਾਂਤੀਕਾਰੀ ਪਹਿਲਾਂ ਹੀ ਪਹੁੰਚੇ ਬੈਠੇ ਸਨ। ਉਹ ਸਾਰੇ ਫਤਹਿ ਬਹਾਦਰ ਅਤੇ ਕ੍ਰਾਂਤੀ ਊਸ਼ਾ ਨੂੰ ਅਪਣਤ ਅਤੇ ਸਤਿਕਾਰ ਭਰੇ ਅੰਦਾਜ਼ ਵਿੱਚ ਪੂਰੀ ਗਰਮਜੋਸ਼ੀ ਨਾਲ ਮਿਲੇ। ਉਨ੍ਹਾਂ ਨੂੰ ਤਕਰੀਬਨ ਡੇਢ ਦੋ ਘੰਟੇ ਇੱਕ ਦੂਜੇ ਦਾ ਹਾਲ ਚਾਲ ਜਾਨਣ ਅਤੇ ਖਾਣਾ ਖਾਣ ਵਿੱਚ ਗੁਜ਼ਰੇ। ਫੇਰ ਉਹ ਮੀਟਿੰਗ ਸ਼ੁਰੂ ਕਰਨ ਦੀ ਤਿਆਰੀ ਵਿੱਚ ਬੈਠੇ। ਮੀਟਿੰਗ ਦੇ ਸ਼ੁਰੂ ਵਿੱਚ ਹੀ ਫਤਹਿ ਅਤੇ ਕ੍ਰਾਂਤੀ ਊਸ਼ਾ ਉੱਠ ਕੇ ਖੜ੍ਹੇ ਹੋਏ। ਉਹ ਦੋਵੇਂ ਆਪੋ-ਆਪਣੇ ਹੱਥ ਜੋੜ ਕੇ ਆਪਣੇ ਵੱਲੋਂ ਸੈਕਸੂਅਲ ਸਬੰਧ ਡਿਵੈਲਪ ਹੋਣ ਦੀ ਗਲਤੀ ਦਾ ਪਸ਼ਚਾਤਾਪ ਕਰਨ ਲੱਗੇ। ਉਨ੍ਹਾਂ ਦੀ ਇਸ ਗਲਤੀ ਬਾਰੇ ਜਾਣ ਕੇ ਮੀਟਿੰਗ ਵਿੱਚ ਸ਼ਾਮਲ ਕ੍ਰਾਂਤੀਕਾਰੀਆਂ ਨੂੰ ਬਹੁਤ ਦੁੱਖ ਹੋਇਆ। ਉਹ ਉਨ੍ਹਾਂ ਦੀ ਇਸ ਗਲਤੀ ਬਾਰੇ ਆਪੋ-ਆਪਣੀਆਂ ਟਿੱਪਣੀਆਂ ਕਰਦੇ ਅਤੇ ਵਿਚਾਰ ਰੱਖਦੇ ਆਪਣੀ ਆਪਣੀ ਵਾਰੀ ਸਾਉਣ ਦੇ ਛੜਾਕਿਆਂ ਵਾਂਗ ਵਰਨ ਲੱਗੇ। ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਮੀਟਿੰਗ ਨੇ ਫੈਸਲਾ ਲਿਆ ਕਿ ਫਤਹਿ ਬਹਾਦਰ ਅਤੇ ਕ੍ਰਾਂਤੀ ਊਸ਼ਾ ਨੇ ਮੈਰਿਜ ਕਰਵਾਉਣ ਤੋਂ ਪਹਿਲਾਂ ਹੀ ਆਪਸ ਵਿੱਚ ਸੈਕਸੂਅਲ ਸਬੰਧ ਕਾਇਮ ਕਰਕੇ ਅਤਿਅੰਤ ਸੰਗੀਨ ਗਲਤੀ ਕੀਤੀ ਹੈ, ਜਿਸ ਦੀ ਇਨ੍ਹਾਂ ਨੂੰ ਲਿਖਤੀ ਰੂਪ ਵਿੱਚ ਸਵੈ-ਪੜਚੋਲ ਕਰਨੀ ਚਾਹੀਦੀ ਹੈ। ਇਨ੍ਹਾਂ ਵੱਲੋਂ ਕੀਤੀ ਗਈ ਸਵੈ-ਪੜਚੋਲ ਹੇਠਲੇ ਕ੍ਰਾਂਤੀਕਾਰੀ ਲੋਕਾਂ ਤੱਕ ਨਸ਼ਰ ਕਰਨੀ ਚਾਹੀਦੀ ਹੈ। ਮੀਟਿੰਗ ਦੇ ਫੈਸਲੇ ਨੂੰ ਉਨ੍ਹਾਂ ਦੋਵਾਂ ਨੇ ਕਬੂਲ ਕੀਤਾ। ਫੇਰ ਗੱਲ ਉਨ੍ਹਾਂ ਦੇ ਵਿਆਹ ਕਰਵਾਉਣ ਸਬੰਧੀ ਸ਼ੁਰੂ ਹੋਈ। ਇਸ ਏਜੰਡੇ 'ਤੇ ਮੀਟਿੰਗ ਵਿੱਚ ਹਾਜ਼ਰ ਕ੍ਰਾਂਤੀਕਾਰੀ ਦੋ ਧਿਰਾਂ ਵਿੱਚ ਵੰਡੇ ਗਏ। ਇੱਕ ਧਿਰ ਦਾ ਵਿਚਾਰ ਸੀ ਕਿ ਕ੍ਰਾਂਤੀਕਾਰੀਆਂ ਨੂੰ ਵਿਆਹ ਨਹੀਂ ਕਰਵਾਉਣਾ ਚਾਹੀਦਾ, ਕਿਉਂਕਿ ਉਨ੍ਹਾਂ ਦਾ ਵਿਆਹ ਤਾਂ ਮੌਤ ਨਾਲ ਹੀ ਹੋਇਆ ਹੁੰਦਾ ਹੈ। ਇਸ ਲਈ ਕਰਤਾਰ ਸਿੰਘ ਸਰਾਭੇ ਅਤੇ ਭਗਤ ਸਿੰਘ ਹੋਰਾਂ ਨੇ ਵਿਆਹ ਨਹੀਂ ਕਰਵਾਏ ਸੀ, ਪਰ ਦੂਸਰੀ ਧਿਰ ਦਾ ਵਿਚਾਰ ਸੀ ਕਿ ਕਾਮ ਪ੍ਰਵਿਰਤੀ ਕ੍ਰਾਂਤੀਕਾਰੀਆਂ ਵਿੱਚ ਵੀ ਹੁੰਦੀ ਹੈ। ਜੋ ਕੁੱਝ ਸਮੇਂ ਲਈ ਦਬਾਈ ਤਾਂ ਜਾ ਸਕਦੀ ਹੈ, ਪਰ ਖਤਮ ਨਹੀਂ ਕੀਤੀ ਜਾ ਸਕਦੀ। ਇਸ ਪ੍ਰਵਿਰਤੀ ਨੂੰ ਦਬਾਉਣ ਨਾਲ ਗਲਤੀਆਂ ਲਈ ਰਾਹ ਖੁੱਲ੍ਹਦਾ ਹੈ। ਜਿਵੇਂ ਇਤਿਹਾਸ ਦੱਸਦਾ ਹੈ ਕਿ ਬ੍ਰਹਮਾ ਵਿਸ਼ਨੂੰ ਵਰਗੇ ਰਿਸ਼ੀਆਂ-ਮੁਨੀਆਂ ਤੋਂ ਵੀ ਇਸ ਪ੍ਰਵਿਰਤੀ ਉੱਤੇ ਕੰਟਰੋਲ ਨਹੀਂ ਰੱਖਿਆ ਗਿਆ ਸੀ। ਇਸੇ ਲਈ ਅਤੇ ਮਨੁੱਖੀ ਵਿਕਾਸ ਨੂੰ ਸਾਹਮਣੇ ਰੱਖਦਿਆਂ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਰਕਸ, ਲੈਨਿਨ ਅਤੇ ਮਾਓ ਵਰਗੇ ਮਹਾਨ ਮਨੁੱਖਾਂ ਨੇ ਵਿਆਹ ਕਰਵਾਏ ਸਨ। ਇੱਥੇ ਇਹ ਗੱਲ ਜ਼ਰੂਰੀ ਹੈ ਕਿ ਵਿਆਹ ਜਾਂ ਬੱਚਿਆਂ ਦੀ ਮੋਹ-ਮਮਤਾ ਦੀਆਂ ਤੰਦਾਂ ਕ੍ਰਾਂਤੀਕਾਰੀਆਂ ਲਈ ਬੰਧਨ ਨਹੀਂ ਬਨਣੀਆਂ ਚਾਹੀਦੀਆਂ। ਕ੍ਰਾਂਤੀਕਾਰੀਆਂ ਨੂੰ ਜਦ ਮੋਹ ਮਮਤਾ ਦੀਅ ਤੰਦਾਂ ਤੋੜਨੀਆਂ ਪੈਣ ਤਾਂ ਤੋੜਨ ਤੋਂ ਹਿਚਕਿਚਾਹਟ ਨਹੀਂ ਮੰਨਣੀ ਚਾਹੀਦੀ। ਜਿਵੇਂ ਗੁਰੂ ਗੋਬਿੰਦ ਸਿੰਘ ਜੀ, ਮਾਰਕਸ, ਲੈਨਿਨ, ਮਹਾਤਮਾ ਬੁੱਧ ਅਤੇ ਮਾਓ ਹੋਰਾਂ ਨੇ ਸਮੇਂ ਸਮੇਂ ਸਿਰ ਇਹ ਤੰਦਾਂ ਤੋੜਦਿਆਂ ਕ੍ਰਾਂਤੀਕਾਰੀ ਕੰਮਾਂ ਨੂੰ ਪਹਿਲ ਦਿੱਤੀ ਸੀ। ਫੇਰ ਲੰਬੇ ਬਹਿਸ-ਮੁਬਾਹਸੇ ਤੋਂ ਬਾਅਦ ਮੀਟਿੰਗ ਵਿੱਚ ਸ਼ਾਮਲ ਦੂਜੀ ਧਿਰ ਪਹਿਲੀ ਧਿਰ ਨੂੰ ਬਹੁਸੰਮਤੀ ਨਾਲ ਜਿੱਤ ਗਈ ਸੀ। ਫਤਹਿ-ਬਹਾਦਰ ਅਤੇ ਕ੍ਰਾਂਤੀ ਊਸ਼ਾ ਨੂੰ ਵਿਆਹ ਕਰਵਾਉਣ ਦਾ ਅਧਿਕਾਰ ਪ੍ਰਾਪਤ ਹੋ ਗਿਆ ਸੀ।

(ਚੱਲਦਾ)



# ਕਿਤਾਬਾਂ

**ਪੁਸਤਕ-ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿੱਚ ਕਿਸਾਨੀ ਸਰੋਕਾਰ (ਅਲੋਚਨਾ)**
**ਲੇਖਕ-ਡਾ. ਸਾਕ ਮੁਹੰਮਦ,**
**ਮੁੱਲ-150 ਰੁਪਏ (ਪੇਪਰ ਬੈਕ)**
**ਪੰਨੇ-187**
**ਪ੍ਰਕਾਸ਼ਕ-ਹਾਸ਼ੀਆ ਪਬਲੀਕੇਸ਼ਨਜ਼-ਪਟਿਆਲਾ**

ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿੱਚ ਕਿਸਾਨੀ ਸਰੋਕਾਰ ਡਾ. ਸਾਕ ਮੁਹੰਮਦ ਰਚਿਤ ਖੋਜ-ਪੁਸਤਕ ਹੈ। ਇਸ ਪੁਸਤਕ ਵਿੱਚ ਖੋਜੀ ਵਿਦਵਾਨ ਨੇ ਸੁਪ੍ਰਸਿੱਧ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਦੇ ਰਚਿਤ ਛੱਤੀ ਨਾਵਲਾਂ ਨੂੰ ਦਿਸ਼ਾ ਮੂਲਕ ਖੋਜ-ਪੱਧਤੀ ਦੇ ਅੰਤਰਗਤ ਆਪਣੇ ਅਧਿਐਨ ਦਾ ਮਾਧਿਅਮ ਬਣਾ ਕੇ ਇਨ੍ਹਾਂ ਸਮੂਹ ਗਲਪ-ਰਚਨਾਵਾਂ ਦੇ ਸਿਰਜਨਾਤਮਕ ਪਹਿਲੂਆਂ ਦੇ ਮੂਲ-ਪਛਾਣ ਚਿਨ੍ਹਾਂ ਨੂੰ ਸਰੋਕਾਰਾਂ ਦਾ ਨਾਮ ਦਿੱਤਾ ਗਿਆ ਹੈ ਅਤੇ ਵਿਸ਼ਲੇਸ਼ਣਾਤਮਕ ਵਿਧੀ ਰਾਹੀਂ ਵਿਸਥਾਰ ਦੇ ਕੇ ਆਪਣੇ ਪੁਖਤਾ ਨਤੀਜੇ ਦਰਸਾਏ ਹਨ। ਨਿਰਸੰਦੇਹ, ਕੰਵਲ ਸਾਹਿਬ ਪੰਜਾਬੀ ਨਾਵਲ-ਇਤਿਹਾਸ ਵਿੱਚ ਵਿਲੱਖਣਤਾ ਵਾਲਾ ਸਥਾਨ ਰੱਖਦੇ ਆ ਰਹੇ ਹਨ, ਪਰ ਸਾਡੇ ਇਸ ਅਲੋਚਕ ਨੇ ਵਿਧੀਗਤ ਨਾਵਲ ਵਿਸ਼ੇਸ਼ਤਾਵਾਂ ਤੋਂ ਇਲਾਵਾ ਸਮੇਂ-ਸਮੇਂ ਉਪਜੀਆਂ ਲਹਿਰਾਂ, ਧਾਰਾਵਾਂ ਅਤੇ ਸੰਘਰਸ਼ਾਂ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਪਛਾਣ ਕੇ ਨਾਵਲੀ-ਬਿਰਤਾਤਾਂ, ਨਾਵਲੀ ਪਾਤਰਾਂ, ਸਮੇਂ ਸਥਾਨਾਂ ਦਾ ਸਾਰਥਿਕ ਚਿੱਤਰਨ ਕੀਤਾ ਹੈ। ਸਾਲ 1944 ਤੋਂ ਲੈ ਕੇ ਸਾਲ 2006-07 ਤੱਕ ਦੀ ਸਮੁੱਚੀ ਨਾਵਲ ਰਚਨਾ ਬਾਰੇ ਵਿਸ਼ਲੇਸ਼ਣਾਤਮਕ ਵਿਧੀ ਰਾਹੀਂ ਬਾਰੀਕੀ ਵਿੱਚ ਜਾਣਾ ਕੋਈ ਸੌਖਾ ਕਾਰਜ ਨਹੀਂ ਹੁੰਦਾ, ਪਰ ਡਾ. ਸਾਕ ਮੁਹੰਮਦ ਨੇ ਬੜੀ ਦਿਆਨਤਦਾਰੀ ਨਾਲ ਇਸ ਕਾਰਜ ਨੂੰ ਪੰਜ ਅਧਿਆਏ ਬਣਾ ਕੇ ਨੇਪਰੇ ਚਾੜ੍ਹਿਆ ਹੈ।

ਪੁਸਤਕ ਦਾ ਪਹਿਲਾ ਅਧਿਆਇ ਪੰਜਾਬੀ ਕਿਸਾਨੀ ਦੇ ਹੋਂਦ ਮੂਲਕ ਸਰੋਕਾਰ' ਹੈ। ਜਿਸ ਵਿੱਚ ਕਿਸਾਨੀ ਦੀ ਰਹਿਤਲ ਨੂੰ ਸਿਧਾਂਤਕ ਪੱਖੋਂ ਪਛਾਨਣ ਦਾ ਯਤਨ ਕੀਤਾ ਗਿਆ ਹੈ। ਇਸ ਯਤਨ ਵਿੱਚ ਕਿਸਾਨੀ ਦੀਆਂ ਮੂਲ ਜੜ੍ਹਾਂ ਜੋ ਉਸਾਰ (ਵਿਕਾਸ) ਲਈ ਖਾਸਾ ਭੂਮਿਕਾ ਨਿਭਾਅ ਸਕਦੀਆਂ ਹਨ, ਵਿੱਚੋਂ ਕਿਰਤ ਭੋਏਂ, ਪਰਿਵਾਰ ਅਤੇ ਪਿੰਡ ਦੇ ਸੰਦਰਭਾਂ ਨੂੰ ਖੂਬ ਵਰਨਣ ਕੀਤਾ ਹੈ। ਕਿਸਾਨੀ ਦੇ ਉਸਾਰ ਅਤੇ ਨਿਘਾਰ ਵਿੱਚ ਇਹ ਸਰੋਕਾਰ ਵਿਸ਼ੇਸ਼ ਸਾਰਥਿਕਤਾ ਦੇ ਪ੍ਰਤੀਮਾਨਾਂ ਨੂੰ ਉਜਾਗਰ ਕਰਨ ਹਿੱਤ ਕਿਵੇਂ-ਕਿਵੇਂ ਦੀ ਬਣਤ ਅਤੇ ਬੁਣਤਰ ਸਿਰਜਦੇ ਹਨ। ਇਸ ਸਭ ਕਾਸੇ ਦਾ ਬੜਾ ਭਾਵ-ਪੂਰਤ ਜਿਕਰ ਕੀਤਾ ਗਿਆ ਹੈ। ਦੂਜੇ ਅਧਿਆਏ ਵਿੱਚ ਪੰਜਾਬ ਦੀ ਕਿਸਾਨੀ ਦੀ ਇਤਿਹਾਸਕ ਗਤੀ ਦਾ ਮੁਲਾਂਕਣ ਕਰਨ ਹਿੱਤ ਖੋਜੀ ਵਿਦਵਾਨ ਨੇ ਜਸਵੰਤ ਸਿੰਘ ਕੰਵਲ ਦੇ ਸੱਚ ਨੂੰ ਫਾਂਸੀ ਨਾਵਲ ਤੋਂ ਲੈ ਕੇ 'ਲੱਧਾ ਪਰੀ ਨੇ ਚੀਨ ਉਜਾੜ ਵਿੱਚੋ' (1944 ਤੋਂ 2006) ਨਾਵਲ ਤੱਕ ਦੇ ਬਿਰਤਾਂਤ ਵਰਨਣਾਂ ਰਾਹੀਂ ਵੱਖ-ਵੱਖ ਸਮੇਂ ਹਰੀਆਂ ਕ੍ਰਾਂਤੀਆਂ, ਚਿੱਟੀਆਂ, ਕ੍ਰਾਂਤੀਆਂ ਜਾਂ ਹੋਰ ਸਮਾਜ ਢਾਹੂ ਜਾਂ ਸਮਾਜ ਬਣਾਓ ਗਤੀਆਂ ਦਾ ਉਲੇਖ ਕੀਤਾ ਹੈ। ਇਸ ਇਤਿਹਾਸਕ ਪਰਿਪੇਖ ਵਾਲੇ ਅਧਿਐਨ ਅਧਿਆਇ ਵਿੱਚ ਖੇਤੀਬਾੜੀ ਅਤੇ ਆਰਥਿਕਤਾ ਦੀ ਪ੍ਰਸੰਗਤਾ ਵਿੱਚ ਆਏ ਜਾਂ ਵਾਪਰੇ ਦੁਖਾਤਾਂ ਦਾ ਜ਼ਿਕਰ ਵੀ ਖੂਬ ਕੀਤਾ ਗਿਆ ਹੈ। ਪੂਰਵ ਹਰੀ ਕ੍ਰਾਂਤੀ ਅਤੇ ਉੱਤਰ ਹਰੀ ਕ੍ਰਾਂਤੀ ਉਪਸਰਗਾਂ ਵਿੱਚੋਂ ਅਜਿਹਾ ਹੀ ਪ੍ਰਗਟ ਹੁੰਦਾ ਹੈ। ਪੁਸਤਕ ਦੇ ਤੀਜੇ ਮਹੱਤਵਪੂਰਨ ਅਧਿਆਏ ਵਿੱਚ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿੱਚ ਕਿਸਾਨੀ ਸੰਘਰਸ਼ ਦੇ ਵਰਨਣ ਨੂੰ ਮੁਜ਼ਾਹਰਾ, ਨਕਸਲਬਾੜੀ ਅਤੇ ਖਾੜਕੂ ਲਹਿਰ ਦੇ ਸੰਦਰਭ ਵਿੱਚ ਅੰਤਰ-ਮੁੱਖੀ ਅਤੇ ਬਾਹਰਮੁੱਖੀ ਸੰਘਰਸ਼ਾਂ ਦੇ ਸਰੂਪ ਨੂੰ ਜਿਸ ਕਦਰ ਕੰਵਲ ਸਾਹਿਬ ਸਮਝ ਸਕੇ ਅਤੇ ਨਾਵਲੀ ਵਿਧਾ ਰਾਹੀਂ ਪੇਸ਼ ਕਰ ਸਕੇ ਹਨ, ਨੂੰ ਤੀਖਣ ਤੇ ਪੜਚੋਲਵੀਂ ਦ੍ਰਿਸ਼ਟੀ ਤੋਂ ਵਿਲੱਖਣ (ਨਵੀਨ) ਨਿਰਣਿਆਂ ਸਹਿਤ ਵਿਅਕਤ ਕੀਤ ਗਿਆ ਹੈ। ਪਰਿਵਾਰਕ, ਸਮਾਜਿਕ, ਰਾਜਨੀਤਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਅਤੇ ਪ੍ਰਸਥਿਤੀਆਂ ਵਿੱਚ ਜਿਸ ਕਦਰ ਪਾਤਰ ਜੀਵਨ ਮੰਜ਼ਿਲ ਤੈਅ ਕਰਦੇ ਹਨ। ਉਨ੍ਹਾਂ ਸਭਨਾਂ ਦੁਖਦ-ਸੁਖਦ ਹਾਲਾਤ ਭਾਵ ਹਾਰ ਜਿੱਤ ਦੀ ਪ੍ਰਸਥਿਤੀਆਂ ਦਾ ਵਰਨਣ ਉਪਲੱਬਧ ਕਰਵਾਇਆ ਹੈ। ਵਿਚਾਰਾਂ ਅਤੇ ਲਹਿਰਾਂ ਦੇ ਉਥਾਨ ਤੇ ਵਿਸਰਜਨ ਹੋ ਜਾਣ ਨਾਲ ਸਬੰਧਿਤ ਸਰੋਕਾਰਾਂ ਨੂੰ ਕੰਵਲ ਕਿੰਨੀ ਕੁ ਸਮਰੱਥਾ ਨਾਲ ਵਿਅਕਤ ਕਰ ਸਕਿਆ ਦਾ ਉਲੇਖ ਨਿਰਪੱਖ ਭਾਂਤ ਇਸ ਪੁਸਤਕ ਵਿੱਚੋਂ ਪ੍ਰਗਟ ਹੁੰਦਾ ਪ੍ਰਤੀਤ ਹੋਇਆ ਹੈ। 'ਰਾਤ ਬਾਕੀ ਹੈ', ਲਹੂ ਦੀ ਲੋਅ, ਐਨਿਆਂ ਵਿੱਚੋਂ ਉੱਠੋ ਸੂਰਮਾ, ਖ਼ੂਨ ਕੇ ਸੋਹਿਲੇ ਰਾਵੀ ਅਹਿਨਾਨਕ ਆਦਿ ਨਾਵਲਾਂ ਨੂੰ ਆਧਾਰ ਸਮਗੱਰੀ ਵੱਜੋਂ ਵਰਤ ਕੇ ਉਸਾਰੂ ਚਿੰਤਨ ਦਾ ਪ੍ਰਗਟਾਵਾ ਇਸ ਅਧਿਆਏ ਦੀ ਖ਼ਾਸੀਅਤ ਹੈ।

ਪੁਸਤਕ ਦੇ ਚੌਥੇ ਅਧਿਆਏ ਵਿੱਚ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿੱਚ ਪੰਜਾਬ ਦੀ ਕਿਸਾਨੀ ਦੀ ਵਿਚਾਰਧਾਰਕ ਚੇਤਨਾ ਨੂੰ ਸਿਧਾਂਤਕ ਅਤੇ ਵਿਹਾਰਕ ਪੱਖ ਨੂੰ ਉਦਾਹਰਣਾਂ ਸਹਿਤ ਵਿਚਾਰਿਆ ਗਿਆ ਹੈ। ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿੱਚ ਕਿਸਾਨੀ ਦਾ ਹੋਰ ਜਾਤਾਂ ਜਾਂ ਜਮਾਤਾਂ ਪ੍ਰਤੀ ਜੋ ਦ੍ਰਿਸ਼ਟੀਕੋਣ ਹੈ, ਉਸ ਬਾਬਤ ਵੀ ਖੁੱਲ੍ਹ ਕੇ ਗੱਲ ਕੀਤੀ ਗਈ ਹੈ ਅਤੇ ਕਿਸਾਨੀ ਦੀ ਆਪਣੇ ਸੰਕਟਾਂ ਜਾਂ ਸਮੱਸਿਆਵਾਂ ਬਾਰੇ ਸਮਝ ਅਤੇ ਹੱਲ ਕਰਨ ਬਾਰੇ ਜੋ ਚੇਤਨਾ ਹੈ, ਉਸ ਬਾਬਤ ਵੀ ਖੂਬ ਵਰਨਣ ਹੈ। ਮਨੁੱਖ, ਜੀਵਨ, ਸਮਾਜ ਅਤੇ ਹੋਰ ਬੁਨਿਆਦੀ ਪ੍ਰਸ਼ਨਾਂ ਬਾਰੇ ਜੋ ਕੰਵਲ ਸਾਹਿਬ ਦੀ ਦ੍ਰਿਸ਼ਟੀ ਅਤੇ ਨਾਵਲੀ ਵਿਹਾਰ ਹੈ, ਇਸ ਬਾਰੇ ਵੀ ਇੱਥੇ ਖੂਬ ਟਿੱਪਣੀਆਂ ਉਪਲੱਬਧ ਹਨ।

ਹੱਥਲੀ ਪੁਸਤਕ ਦਾ ਪੰਜਵਾਂ ਅਧਿਆਏ ਜਸਵੰਤ ਸਿੰਘ ਕੰਵਲ ਦੀ ਨਾਵਲ ਕਲਾ ਨਾਲ ਸਬੰਧਿਤ ਹੈ, ਜਿਸ ਵਿੱਚ ਕੰਵਲ ਦੇ ਨਾਵਲਾਂ ਦਾ ਵਿਧਾ-ਸ਼ਾਸਤਰੀ ਦਾ ਵਿਕਾਸ ਕਿਸਾਨੀ ਸਰੋਕਾਰਾਂ ਦੇ ਅੰਤਰਗਤ ਦਰਸਾ ਕੇ, ਹੋਰ ਕਲਾਤਮਕ ਪਹਿਲੂ ਜਿਵੇਂ ਕਥਾਨਕ ਦੀ ਬਣਤ-ਬੁਣਤਰ, ਪਾਤਰ ਚਿਤਰਨ ਤੇ ਉਸਾਰੀ ਭਾਸ਼ਾ, ਸ਼ੈਲੀ, ਪੇਂਡੂ ਭੂ ਦ੍ਰਿਸ਼ ਦਾ ਨਿਰੂਪਣ, ਘਟਨਾਕ੍ਰਮ ਤੋਂ ਉਪਜੀਆਂ ਉਪ-ਸਮੱਸਿਆਵਾਂ, ਨਾਵਲੀ ਜੁਗਤਾਂ ਦੁਖਾਂਤ ਬੋਧ ਦਾ ਪ੍ਰਗਟਾਵਾ, ਚਿਨ੍ਹਾਂ ਜਾਂ ਬਿੰਬਾਂ ਦੀ ਸਿਰਜਨ ਸ਼ਕਤੀ ਕਹਾਣੀ ਰਸਕਤਾ, ਵਰਨਣ ਵਿਧੀਆਂ ਆਦਿ ਨੂੰ ਖੂਬ ਪਛਾਣਿਆ ਗਿਆ ਹੈ। ਪੁਸਤਕ ਦੇ ਅੰਤ ਉੱਤੇ ਦਿੱਤੀ ਪੁਸਤਕ ਸੂਚੀ ਖੋਜਾਰਥੀਆਂ ਲਈ ਲਾਭਦਾਇਕ ਸਾਬਤ ਹੋ ਸਕਦੀ ਹੈ। ਨਿਰਸੰਦੇਹ, ਇਹੋ ਪੁਸਤਕ ਜਸਵੰਤ ਸਿੰਘ ਕੰਵਲ ਦੇ ਨਾਵਲ ਜਗਤ ਦੀ ਪੁਖਤਾ ਪਛਾਣ ਸਥਾਪਤ ਕਰਦੀ ਹੈ। ਅਜਿਹੇ ਦਿਸ਼ਾ ਮੂਲਕ ਕਾਰਜਾਂ ਦੀ ਪੰਜਾਬੀ ਸਾਹਿਤ ਅਲੋਚਨਾ ਵਿੱਚ ਨਿਹਾਇਤ ਲੋੜ ਮਹਿਸੂਸ ਹੋ ਰਹੀ ਹੈ। ਡਾ. ਸਾਕ ਮੁਹੰਮਦ ਇਸ ਕਾਰਜ ਲਈ ਵਧਾਈ ਦਾ ਪਾਤਰ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਪੰਜਾਬੀ ਦੇ ਹੋਰਨਾਂ ਨਾਵਲਕਾਰਾਂ ਦੀਆਂ ਰਚਨਾਵਾਂ ਨੂੰ ਵੀ ਅਧਿਐਨ ਦਾ ਕੇਂਦਰ ਬਿੰਦੂ ਬਣਾਇਆ ਜਾਣਾ ਚਾਹੀਦਾ ਹੈ।

**ਰੀਵੀਓਕਾਰ-ਡਾ. ਜਗੀਰ ਸਿੰਘ ਨੂਰ (ਫਗਵਾੜਾ)**
**98412-09732**

# ਸਾਹਿਤਕ ਪੱਤਰਕਾਰੀ-ਸਾਹਿਤਕ ਚੜ੍ਹਾਈ ਦੀ ਪੌੜੀ

ਅਮਰੀਕ ਗਿੱਲ

ਇਸ ਦੁਨੀਆਂ ਵਿੱਚ ਸਭ ਤੋਂ ਪਹਿਲਾਂ ਸ਼ਬਦ ਦੀ ਉਪਜ ਹੋਈ। ਸ਼ਬਦ ਉਪਜਿਆ ਤਾਂ ਉਸ ਦੇ ਉਚਾਰਨ ਨਾਲ ਹੀ ਉਸ ਦੀ ਧੁਨੀ ਗੂੰਜੀ। ਪਰ ਗੂੰਜ ਤਾਂ ਖਲਾਅ ਵਿੱਚ ਗੂੰਜਦੀ ਹੈ ਅਤੇ ਫਿਰ ਖਾਮੋਸ਼ੀ ਦੇ ਸਾਗਰ ਵਿੱਚ ਅਲੋਪ ਹੋ ਜਾਂਦੀ ਹੈ। ਲੋੜ ਸੀ ਇਸ ਦੀ ਸੰਭਾਲ ਦੀ। ਸੰਭਾਲ ਦੀ ਤੀਬਰ ਇੱਛਾ ਨੇ ਹੀ ਲਿਪੀ ਈਜ਼ਾਦ ਕੀਤੀ। ਲਿਪੀ ਆਈ ਤਾਂ ਸਾਹਿਤ ਦਾ ਜਨਮ ਹੋਇਆ। ਸਾਹਿਤ ਜੋ ਮਨੁੱਖ ਦੀਆਂ ਯਾਦਾਂ, ਭਾਵਨਾਵਾਂ, ਘਟਨਾਵਾਂ ਇੱਥੋਂ ਤੱਕ ਕਿ ਆਪਣੇ ਇਸ਼ਟ ਨਾਲ ਪਵਿੱਤਰ ਵਾਰਤਾਲਾਪਾਂ ਦਾ ਇੱਕ ਜ਼ਰੀਆ ਸੀ।

ਇਸ ਖਪਤ ਯੁੱਗ ਵਿੱਚ ਹਰ ਚੀਜ਼ ਵਿਕਾਊ ਹੈ। ਇੱਥੋਂ ਤੱਕ ਕਿ ਹਰ ਵਿਚਾਰ, ਫਲਸਫਾ ਹਰ ਤਕਨੀਕ ਆਪਣਾ ਮੁੱਲ ਨਿਰਧਾਰਤ ਕਰਦੀ ਹੈ ਤੇ ਕਰਵਾਉਂਦੀ ਹੈ ਤਾਂ ਇਕ ਉਸ ਮੁੱਲ ਕਾਰਨ ਹੀ ਖਪਤ ਮੰਡੀ ਵਿੱਚ ਉਸ ਦਾ ਨਾਂਅ ਤੇ ਥਾਂ ਨਿਸ਼ਚਿਤ ਹੋ ਸਕੇ। ਇਸ ਖਪਤ ਮੰਡੀ ਵਿੱਚ ਹਰ ਸ਼ੈਅ ਆਪਣਾ ਮੁੱਲ ਪਵਾਉਣ ਲਈ ਮੀਡੀਏ ਦਾ ਸਹਾਰਾ ਲੈਣ ਲੱਗ ਪਈ ਹੈ। ਉਸ ਦਾ ਅਸਰ ਕਲਾਵਾਂ, ਸੰਗੀਤ ਤੇ ਸਾਹਿਤ ਉੱਤੇ ਵੀ ਪਿਆ ਹੈ। ਇਸ ਲਈ ਅਖਬਾਰਾਂ, ਨੁਮਾਇਸ਼ਾਂ ਅਤੇ ਫਿਲਮਾਂ, ਟੈਲੀਵੀਜ਼ਨ, ਪ੍ਰਦਰਸ਼ਣਕਾਰਾਂ 'ਤੇ ਪ੍ਰਦਰਸ਼ਨੀਆਂ ਦੀ ਜ਼ਰੂਰਤ ਪਈ। ਸਾਹਿਤ ਵਿੱਚ ਜੇ ਸਭ ਭਾਸ਼ਾਵਾਂ ਤੇ ਕਲਾਵਾਂ ਪ੍ਰਭਾਵਿਤ ਹੋ ਰਹੀਆਂ ਹਨ ਤਾਂ ਸਾਡੀ ਪੰਜਾਬੀ ਪਿੱਛੇ ਕਿਉਂ ਰਹਿ ਜਾਵੇ ?

ਹਰ ਰਚਨਾਕਾਰ, ਕਲਾਕਾਰ ਤੇ ਲੇਖਕ ਦੀ ਸਥਾਪਤੀ ਲਈ ਉਸ ਦੀ ਅੰਦਰੂਨੀ ਪ੍ਰਤਿਭਾ ਦਾ ਹੋਣਾ ਤਾਂ ਜ਼ਰੂਰੀ ਹੀ ਹੈ, ਪਰ ਬਾਹਰੀ ਤੌਰ ਤੇ ਵੀ ਜੇ ਉਸ ਦਾ ਢੋਲ ਨਾ ਵਜਾਇਆ ਜਾਵੇ ਤਾਂ ਗੱਲ ਨਹੀਂ ਬਣਦੀ। ਇਸ ਦੇ ਵਾਸਤੇ ਕਿਸੇ ਵਿਸ਼ੇਸ਼ ਸਥਾਪਤ ਵਿਦਵਾਨ, ਅਲੋਚਕ, ਸਾਹਿਤਕ ਅਦਾਰੇ ਜਾਂ ਵੱਡੇ ਸਥਾਪਤ ਲੇਖਕ ਦਾ ਪਿੱਠ 'ਤੇ ਹੱਥ ਹੋਣਾ ਵੀ ਜ਼ਰੂਰੀ ਹੈ। ਜੇ ਕੋਈ ਲੇਖਕ ਆਪਣਾ ਢੋਲ ਆਪ ਵਜਾਉਣ ਲਈ ਆਪਣਾ ਹੀ ਢੋਲ ਖਰੀਦ ਲਵੇ ਤਾਂ ਪੌਂ ਬਾਰਾਂ ਹੋ ਜਾਂਦੀਆਂ ਹਨ। ਸਾਹਿਤਕ ਪੱਤਰਕਾਰਤਾ ਥੱਲੇ ਵੀ ਸਾਹਿਤਕ ਸਥਾਪਤੀ ਦੱਬੀ ਪਈ ਹੁੰਦੀ ਹੈ। ਇਸ ਦੀ ਮਹਾਂਸ਼ਕਤੀ ਦਾ ਅਹਿਸਾਸ ਕਈ ਸਾਹਿਤਕਾਰ ਸ਼ੁਰੂ ਵਿੱਚ ਹੀ ਸਮਝ ਜਾਂਦੇ ਹਨ।

ਇਹ ਸਾਰੇ ਜਾਣਦੇ ਹਨ ਕਿ ਭਾਈ ਵੀਰ ਸਿੰਘ ਜੀ ਦੀ ਸਥਾਪਤੀ ਵਿੱਚ ਉਨ੍ਹਾਂ ਦੇ 'ਖਾਲਸਾ ਸਮਾਚਾਰ' ਨਾਮ ਦੇ ਮੈਗਜ਼ੀਨ ਨਾਨਕ ਸਿੰਘ ਹੋਰਾਂ ਦਾ 'ਲੋਕ ਸਾਹਿਤ' ਕਰਤਾਰ ਸਿੰਘ 'ਬਲਗਣ' ਦਾ 'ਕਵਿਤਾ' ਮੋਹਣ ਸਿੰਘ ਹੋਰਾਂ ਦਾ 'ਪੰਜ ਦਰਿਆ' ਤੇ ਗੁਰਬਖਸ਼ ਸਿੰਘ ਹੋਰਾਂ ਦੇ ਪ੍ਰੀਤ ਫਲਸਫੇ ਨੂੰ ਪਾਠਕ ਦਰ ਪਾਠਕ ਦੇ ਦਿਲਾਂ ਤੱਕ ਪਹੁੰਚਾਉਣ ਵਿੱਚ 'ਪ੍ਰੀਤ ਲੜੀ' ਦਾ ਬਹੁਤ ਵੱਡਾ ਯੋਗਦਾਨ ਹੈ।

ਭਾਪਾ ਪ੍ਰੀਤਮ ਸਿੰਘ ਬੇਸ਼ੱਕ ਆਪ ਵੱਡੇ ਲੇਖਕ ਨਹੀਂ ਸਨ, ਪਰ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਉਨ੍ਹਾਂ ਦੇ ਅਥਾਹ ਪਿਆਰ ਨੇ ਇੱਕ ਮਿਆਰੀ ਸਾਹਿਤਕ ਪੱਤਰਿਕਾ ਕੱਢਣ ਦਾ ਸੁਪਨਾ ਵੇਖਿਆ। ਵੱਡੇ ਪਬਲਿਸ਼ਰ ਹੋਣ ਕਰਕੇ ਸਭ ਲੇਖਕ ਉਨ੍ਹਾਂ ਦੇ ਸੰਪਰਕ ਵਿੱਚ ਸਨ, ਪਰ ਸਾਹਿਤਕ ਪੱਤ੍ਰਿਕਾ ਨਿਕਲਣ ਦਾ ਕੋਈ ਸਬੱਬ ਨਹੀਂ ਸੀ ਬਣ ਰਿਹਾ। ਉਨ੍ਹਾਂ ਦਿਨਾਂ ਵਿੱਚ ਹੀ ਅੰਮ੍ਰਿਤਾ ਪ੍ਰੀਤਮ ਸਾਹਿਰ ਲੁਧਿਆਣਵੀ ਦੀ ਫਿਲਮੀ ਸ਼ੋਹਰਤ ਤੇ ਅਮੀਰੀ ਤੋਂ ਪ੍ਰਭਾਵਤ ਹੋਈ ਫਿਲਮ ਵਿੱਚ ਗੀਤ ਤੇ ਕਹਾਣੀਆਂ ਲਿਖਣ ਲਈ ਪਤੀ ਤੇ ਬੱਚੇ ਛੱਡ ਕੇ ਬੰਬਈ ਚੱਲੀ ਗਈ। ਆਪਣੇ ਨਾਲ ਆਪਣੇ ਪ੍ਰੇਮੀ ਸਾਥੀ ਇਮਰੋਜ਼ ਨੂੰ ਵੀ ਲੈ ਗਈ। ਇਮਰੋਜ਼ ਇੱਕ ਸੰਵੇਦਨਸ਼ੀਲ ਤੇ ਪ੍ਰਤਿਭਾਵਾਨ ਚਿੱਤਰਕਾਰ ਸੀ। ਇਸ ਨੂੰ ਫਿਲਮਾਂ ਦੇ ਪੋਸਟਰ ਪੇਂਟ ਕਰਨ ਦਾ ਕੰਮ ਮਿਲਣ ਲੱਗ ਪਿਆ। ਉਸ ਨੂੰ ਆਪਣੇ ਕੰਮ ਦੇ ਨਾਲ-ਨਾਲ ਅੰਮ੍ਰਿਤਾ ਪ੍ਰੀਤਮ ਲਈ ਵੀ ਸੰਘਰਸ਼ ਕਰਨਾ ਪੈਂਦਾ ਕਿਉਂਕਿ ਦੂਸਰੇ ਲੇਖਕਾਂ ਵਾਂਗ ਅੰਮ੍ਰਿਤਾ ਫਿਲਮ ਪ੍ਰੋਡਿਊਸਰਾਂ ਤੇ ਡਾਇਰੈਕਟਰਾਂ ਤੋਂ ਸਮਾਂ ਮੰਗ ਕੇ ਕਹਾਣੀਆਂ ਤੇ ਗੀਤ ਸੁਣਾਉਣ ਨਹੀਂ ਜਾ ਸਕਦੀ ਸੀ। ਇਸ ਨਾਲ ਉਸ ਦੀ ਅਥਾਹ ਹਉਮੈ ਨੂੰ ਠੇਸ ਪਹੁੰਚਦੀ ਸੀ। ਉਹ ਇਮਰੋਜ਼ ਰਾਹੀਂ ਹੀ ਆਪਣੀਆਂ ਕਿਤਾਬਾਂ ਭੇਜਦੀ ਜੋ ਨਿਰਦੇਸ਼ਕਾਂ ਦੇ ਦਫਤਰਾਂ ਵਿੱਚ ਦੇ ਆਉਂਦਾ। ਇਸੇ ਤਰ੍ਹਾਂ ਇੱਕ ਦਿਨ ਗੁਰਜ਼ਾਰ ਕੋਲ ਜਾ ਕੇ ਦੋ ਨਾਵਲ ਛੱਡ ਆਇਆ ਕਿ ਇਨ੍ਹਾਂ ਤੇ ਫਿਲਮਾਂ ਬਣਾਉਣ ਲਈ ਸੋਚਣਾ। ਗੁਲਜ਼ਾਰ ਸਾਹਿਬ ਨੇ ਦੋਵੇਂ ਨਾਵਲ ਪੜ੍ਹੇ ਤੇ ਮਿਲਣ ਲਈ ਅੰਮ੍ਰਿਤਾ ਨੂੰ ਫੋਨ ਕੀਤਾ। ਇਮਰੋਜ਼ ਤੇ ਅੰਮ੍ਰਿਤਾ ਜਦ ਪਹੁੰਚੇ ਗੁਲਜ਼ਾਰ ਆਪਣੇ ਠਰੰਮੇਦਾਰ ਸੁਭਾਅ ਅਨੁਸਾਰ ਉੱਠੇ ਤੇ ਇੱਜ਼ਤ ਨਾਲ ਅੰਮ੍ਰਿਤਾ ਨੂੰ ਆਪਣੀ ਮਾਲਕ ਵਾਲੀ ਕੁਰਸੀ 'ਤੇ ਬਿਠਾਇਆ ਤੇ ਨਿਮਰਤਾ ਨਾਲ ਸਾਹਮਣੇ ਬੈਠ ਕੇ ਕਹਿਣ ਲੱਗਾ "ਅੰਮ੍ਰਿਤਾ ਜੀ, ਮੈਂ ਤੁਹਾਡੇ ਦੋਵੇਂ ਨਾਵਲ ਪੜ੍ਹੇ ਨੇ, ਦੋਵੇਂ ਹੀ ਚੰਗੇ ਨਾਵਲ ਨੇ ਪਰ ਫਿਲਹਾਲ ਮੈਂ ਇਨ੍ਹਾਂ ਵਿੱਚੋਂ ਸਿਰਫ ਇੱਕ ਉੱਤੇ ਹੀ ਫਿਲਮ ਬਣਾ ਸਕਾਂਗਾ।"

ਅੰਮ੍ਰਿਤਾ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਮੁਸਕੁਰਾਉਂਦਿਆਂ ਅਗਲੀ ਪੈਸਿਆਂ ਦੀ ਗੱਲ ਸੁਨਣ ਲਈ ਗੁਲਜ਼ਾਰ ਵੱਲ ਪਿਆਰ ਨਾਲ ਵੇਖਣ ਲੱਗ ਪਈ। ਗੁਲਜ਼ਾਰ ਨੇ ਗੱਲ ਅੱਗੇ ਵਧਾਈ। "ਅੰਮ੍ਰਿਤਾ ਜੀ ਇਸ ਪੂਰੇ ਨਾਵਲ ਉੱਤੇ ਮੈਂ ਫਿਲਮ ਨਹੀਂ ਬਣਾਵਾਂਗਾ ਮੇਰੀ ਫਿਲਮ ਲਈ ਇਸ ਦੀ ਸਿਰਫ ਪਹਿਲੇ ਸੱਠ ਸਫਿਆਂ ਤੱਕ ਦੀ ਕਹਾਣੀ ਹੀ ਕਾਫੀ ਹੈ ਅਤੇ ਸਕਰੀਨ ਪਲੇਅ ਤੇ ਡਾਇਲਾਗ ਮੈਂ ਆਪ ਲਿਖਾਂਗਾ। ਤੁਹਾਡਾ ਟਾਇਟਲ ਕਹਾਣੀ ਲੇਖਕ ਦਾ ਆਏਗਾ। ਇਸ ਕਹਾਣੀ ਦੇ ਤੁਸੀਂ ਕਿੰਨੇ ਪੈਸੇ ਲੈਣ ਬਾਰੇ ਸੋਚਦੇ ਹੋ, ਮੈਨੂੰ ਦੱਸ ਦਿਓ ਤਾਂ ਕਿ ਮੈਂ ਆਪਣੇ ਪ੍ਰਡਿਊਸਰ ਨਾਲ ਮਸ਼ਵਰਾ ਕਰ ਸਕਾਂ।" ਸੁਣਦਿਆਂ ਹੀ ਅੰਮ੍ਰਿਤਾ ਦੀ ਮੁਸਕੁਰਾਹਟ ਯਕਦਮ ਗਾਇਬ ਹੋ ਗਈ, ਚਿਹਰਾ ਬੁੱਝ ਗਿਆ ਤੇ ਅੱਖਾਂ ਵਿੱਚ ਇੱਕ ਜ਼ਖਮ ਹੋਇਆ ਗੁੱਸਾ ਸੇਕ ਛੱਡਣ ਲੱਗ ਪਿਆ। ਉਸ ਨੇ ਝਪਟੀ ਮਾਰ ਕੇ ਗੁਲਜ਼ਾਰ ਹੱਥੋਂ ਨਾਵਲ ਖਿੱਚਿਆ ਤੇ ਉੱਠ ਕੇ ਖੜ੍ਹ ਗਈ।

"ਗੁਲਜ਼ਾਰ ਮੇਰੀ ਬੇਇੱਜ਼ਤੀ ਕਰਨ ਲਈ ਐਸ ਕੁਰਸੀ 'ਤੇ ਬਿਠਾਇਆ ਏ। ਫਿਲਮ ਮੇਰੇ ਨਾਵਲ 'ਤੇ ਬਣੇਗੀ ਤੇ ਮੇਰਾ ਨਾਂਅ ਸਿਰਫ ਕਹਾਣੀ ਲਈ ਜਾਵੇਗਾ? ਸਕਰੀਨ ਪਲੇਅ ਤੇ ਡਾਇਲਾਗ ਤੂੰ ਹੀ ਲਿਖੇਂਗਾ। ਉਹ ਤਾਂ ਮੈਂ ਸਾਰੇ ਲਿਖੇ ਹੋਏ ਨੇ। ਨਾਵਲ ਮੇਰਾ ਤੇ ਪੈਸਾ ਤੂੰ ਕਮਾਏਂਗਾ। ਯਾਦ ਰੱਖੀਂ ਮੈਂ ਜ਼ਿੰਦਗੀ ਭਰ ਨਹੀਂ ਭੁਲਾਂਗੀ ਤੇਰੀ ਘਟੀਆ ਹਰਕਤ ਨੂੰ। ਮੈਂ ਜਾ ਰਹੀ ਹਾਂ। ਅੰਮਿਤਾ ਚੱਪਲਾਂ ਪਟਕਦੀ ਹੋਈ ਪੱਟ-ਪੱਟ ਪੌੜੀਆਂ ਉੱਤਰ ਗਈ ਤੇ ਇਮਰੋਜ਼ ਵੀ ਪਰਛਾਵੇਂ ਵਾਂਗ ਪੋਲੇ ਪੈਰੀਂ ਉਤਰ ਗਿਆ। ਸਾਹਿਰ ਸਾਹਿਬ ਕੋਲ ਜਾ ਕੇ ਸ਼ਿਕਾਇਤ ਕੀਤੀ। ਉਨ੍ਹਾਂ ਸਮਝਾਇਆ ਸਕਰੀਨ ਪਲੇਅ ਇੱਕ ਟੈਕਨੀਕਲ ਚੀਜ਼ ਹੁੰਦੀ ਹੈ। ਸਿਚੁਏਸ਼ਨਜ਼ ਦੇ ਲਿਹਾਜ ਨਾਲ ਤੇ ਗੁਲਜ਼ਾਰ ਦੀ ਆਪਣੀ ਸੋਚੀ ਪਾਤਰ ਉਸਾਰੀ ਕਰਕੇ ਡਾਇਲਾਗ ਵੀ ਉਹ ਨਵੇਂ ਸਿਰੇ ਤੋਂ ਲਿਖੇਗਾ। ਉਹ ਠੀਕ ਐ। ਫਿਲਮ ਦਾ ਹਿਸਾਬ ਕਿਤਾਬ ਕੁੱਝ ਹੋਰ ਤਰ੍ਹਾਂ ਦਾ ਹੁੰਦਾ। ਤੁਹਾਡੀ ਹੁਸ਼ਿਆਰੀ ਇਸ ਦੇ ਵਿੱਚ ਹੀ ਹੈ ਕਿ ਕਮਰਸ਼ੀਅਲ ਕੰਮ ਕਰਦੇ ਕਰਦੇ ਕਿਵੇਂ ਆਪਣੀ ਸਾਹਿਤਕ ਸੂਝ ਕਾਇਮ ਰੱਖਣੀ ਹੈ। ਖੈਰ ਗੁਲਜ਼ਾਰ ਨੇ ਅੰਮ੍ਰਿਤਾ ਦਾ ਨਾਂਅ ਯਸ਼ ਚੋਪੜਾ ਕੋਲ ਤਜਵੀਜ਼ ਕੀਤਾ। ਉਸ ਨੇ ਇੱਕ ਫਿਲਮ ਵਿੱਚ ਇੱਕ ਗਾਣਾ ਵੀ ਲਿਖਣ ਲਈ ਕਿਹਾ ਪਰ ਅੰਮ੍ਰਿਤਾ ਸਿਚੁਏਸ਼ਨ ਮੁਤਾਬਕ ਯਸ਼ ਚੋਪੜਾ ਜਾਂ ਦੂਸਰੇ ਨਿਰਦੇਸ਼ਕਾਂ ਦੀ ਪਸੰਦ ਦਾ ਲਿਖ ਨਾ ਸਕੀ।

ਇੱਕ ਪ੍ਰਤਿਭਾਵਾਨ ਕਵਿੱਤਰੀ ਤੇ ਕਾਵਿਕ ਕਰਾਫਟ ਦੀ ਮਾਹਿਰ ਤੇ ਬਹੁਤ ਮਿਹਨਤੀ ਹੋਣ ਦੇ ਬਾਵਜੂਦ ਫਿਲਮੀ ਮਾਹੌਲ ਉਸ ਨੂੰ ਰਾਸ ਨਾ ਆਇਆ। ਉਸ ਦੀ ਮਹਾਂ ਹਉਮੈ ਤੇ 'ਸੁਪਰ ਈਗੋ' ਜ਼ਿੱਦੀ ਸੁਭਾਅ ਹਰ ਜਗ੍ਹਾ ਕੰਮ ਦੇ ਮਾਹੌਲ ਨੂੰ ਬੋਝਲ ਬਣਾ ਦਿੰਦਾ। ਦੂਸਰਾ ਅੰਮ੍ਰਿਤਾ ਦਾ ਟੈਲੇਂਟ ਸਾਹਿਰ ਜੈਸਾ ਨਹੀਂ ਸੀ ਜੋ ਫਿਲਮਾਂ ਤੇ ਸਾਹਿਤ ਦੋਵਾਂ ਵਿੱਚ ਹੀ ਆਪਣਾ ਸਿੱਕਾ ਮੰਨਵਾ ਸਕਦਾ। ਇਮਰੋਜ਼ ਦਾ ਚਿੱਤਰਕਾਰੀ ਵਿੱਚ ਹੱਥ ਬਹੁਤ ਸਾਫ ਸੀ। ਉਸਦੀ ਪ੍ਰਤਿਭਾ ਵਿੱਚ ਨਵਾਂਪਨ ਸੀ। ਇਸ ਤੋਂ ਬਿਨਾਂ ਉਸ ਦੇ ਸੁਭਾਅ ਦਾ ਠਰੰਮਾਪਨ, ਹਲੀਮੀ ਤੇ ਮਿੱਠ ਬੋਲੜਾ ਹੋਣਾ ਫਿਲਮੀ ਨਿਰਮਾਤਾਵਾਂ ਤੇ ਨਿਰਦੇਸ਼ਕਾਂ ਨੂੰ ਚੰਗਾ ਚੰਗਾ ਲੱਗਦਾ। ਉਸ ਨੂੰ ਕੰਮ ਮਿਲਦਾ ਤੇ ਚੰਗੇ ਪੈਸੇ ਵੀ। ਪਰ ਫਿਲਮਾਂ ਵਿੱਚ ਉਸ ਦੇ ਟਿੱਕਦੇ ਪੈਰ ਅੰਮ੍ਰਿਤਾ ਤੋਂ ਸਹਾਰੇ ਨਹੀਂ ਸੀ ਜਾਂਦੇ। ਉਹ ਤਾਂ ਉਸਨੂੰ ਆਪਣਾ ਸੈਕਟਰੀ-ਕਮ-ਮੁੰਡੂ ਬਣਾ ਕੇ ਲਿਆਈ ਸੀ। ਆਖਿਰ ਇੱਕ ਦਿਨ ਇਮਰੋਜ਼ ਨਾਲ ਝਗੜਾ ਕਰਕੇ ਅੰਮ੍ਰਿਤਾ ਨੇ ਗੱਡੀ ਫੜੀ ਤੇ ਦਿੱਲੀ ਆ ਗਈ। ਨਵੀਂ ਦਿੱਲੀ ਸਟੇਸ਼ਨ ਤੇ ਉਤਰੀ ਤਾਂ ਸੋਚਿਆ ਕਿੱਥੇ ਜਾਵਾਂ ? ਹੁਣ ਆਪਣੇ ਪਤੀ ਪ੍ਰੀਤਮ ਸਿੰਘ ਕਵਾਤੜਾ ਦੇ ਘਰ ਤਾਂ ਜਾ ਨਹੀਂ ਸੀ ਸਕਦੀ। ਇਸ ਲਈ ਆਪਣੇ ਗੂੜ੍ਹੇ ਦੋਸਤ ਬਲਵੰਤ ਗਾਰਗੀ ਦੇ ਕਰਜ਼ਨ ਰੋਡ ਵਾਲੇ ਘਰ ਦਾ ਦਰਵਾਜ਼ਾ ਜਾ ਖੜਕਾਇਆ। ਗਾਰਗੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਜੜੀ ਹੋਈ ਨਿਰਾਸ਼ ਅੰਮ੍ਰਿਤਾ ਬਾਹਰ ਖੜ੍ਹੀ ਸੀ।

ਗਾਰਗੀ ਨੇ ਪਿਆਰ ਨਾਲ ਅੰਦਰ ਆਉਣ ਲਈ ਕਿਹਾ, ਅੰਮ੍ਰਿਤਾ ਬਗੈਰ ਕੁੱਝ ਬੋਲੇ ਅੰਦਰ ਜਾ ਕੇ ਨੀਵੀਂ ਪਾ ਕੇ ਬੈਠ ਗਈ। ਨੌਕਰ ਚਾਹ ਲੈ ਆਇਆ। ਚਾਹ ਦੇ ਕੱਪਾਂ ਵਿੱਚੋਂ ਉੱਠਦੀ ਨਿੱਘੀ ਭਾਫ ਵਿੱਚ ਗਾਰਗੀ ਨੇ ਅੰਮ੍ਰਿਤਾ ਦੀ ਦੁੱਖ ਭਰੀ ਕਹਾਣੀ ਸੁਣੀ। ਅੰਮ੍ਰਿਤਾ ਨੇ ਅੱਖਾਂ ਵਿੱਚ ਅੱਥਰੂ ਭਰ ਕੇ ਕਿਹਾ, ਪੂਰੀ ਫਿਲਮ ਇੰਡਸਟਰੀ ਨਲਾਇਕਾਂ ਤੇ ਫਰਾਡਾਂ ਦਾ ਟੱਬਰ ਹੈ। ਕਿਸੇ ਨੂੰ ਕਿਸੇ ਦੀ ਕਦਰ ਹੀ ਨਹੀਂ। ਕੈਫੀ, ਮਜਰੂਹ, ਸਾਹਿਰ ਸਭ ਮਤਲਬੀ ਹਨ। ਮੈਂ ਉੱਥੇ ਗਈ ਤਾਂ ਸਭ ਨੂੰ ਪਿੱਸੂ ਪੈ ਗਏ ਕਿ ਮੇਰੇ ਉੱਥੇ ਟਿਕਣ ਨਾਲ ਉਨ੍ਹਾਂ ਦੀਆਂ ਦੁਕਾਨਾਂ ਨਾ ਬੰਦ ਹੋ ਜਾਣ। ਮੈਂ ਕਿਤੇ ਉਨ੍ਹਾਂ ਦੇ ਕੰਮ ਨਾ ਖੋਹ ਲਵਾਂ। ਕਿਸੇ ਨੇ ਭੋਰਾ ਮਦਦ ਨਹੀਂ ਕੀਤੀ। ਇੱਕ ਔਰਤ ਕੀ ਚਾਹੁੰਦੀ ਹੈ ਸਿਰਫ ਇੱਕ ਘਰ ਤੇ ਸਿਰ ਤੇ ਛੱਤ। ਮੈਂ ਉਸੇ ਛੱਤ ਦੀ ਤਲਾਸ਼ ਵਿੱਚ ਬੰਬਈ ਗਈ ਪਰ ਨਾ ਮਿਲੀ। ਮੇਰੀਆਂ ਕਵਿਤਾਵਾਂ ਵਿੱਚ ਤਾਰਿਆਂ ਭਰੇ ਅੰਬਰਾਂ ਨੇ, ਝੱਜਾਂ ਦੇ ਝੱਜ ਤਾਰੇ ਮੈਂ ਪੰਜਾਬੀ ਪਾਠਕਾਂ ਦੇ ਸਿਰਾਂ 'ਤੇ ਡੋਲ੍ਹ ਦਿੱਤੇ, ਪਰ ਮੇਰਾ ਆਪਣਾ ਸਿਰ ਕਿਸੇ ਵੀ ਅੰਬਰ ਕਿਸੇ ਸਹਾਰੇ ਦੇ ਹੱਥ ਤੋਂ ਬਿਨਾਂ ਸੱਖਣਾ। ਮਰਦ ਜਾਤ ਨੇ ਯੁੱਗਾਂ ਤੋਂ ਔਰਤ ਨੂੰ ਲੁੱਟਿਆ। ਅੱਜ ਮੈਨੂੰ ਮਰਦ ਜਾਤ ਦਾ ਅਸਲੀ ਚਿਹਰਾ ਪਤਾ ਲੱਗਾ। ਸਭ ਮਰਦਾਂ ਵਿੱਚੋਂ ਜੇ ਕੋਈ ਘਟੀਆ ਤੇ ਮਤਲਬ ਪ੍ਰਸਤ ਐ ਤਾਂ ਇਮਰੋਜ਼ ਐ। ਮੈਂ ਉਸਦੀਆਂ ਗੱਲਾਂ ਵਿੱਚ ਆ ਕੇ ਆਪਣੇ ਪਤੀ ਤੇ ਬੱਚਿਆਂ ਨੂੰ ਛੱਡ ਕੇ ਬੰਬਈ ਚੱਲੀ ਗਈ। ਮੈਨੂੰ ਕਹਿੰਦਾ ਸੀ ਬੰਬਈ ਜਾ ਕੇ ਆਪਾਂ ਦੋਵੇਂ ਰਾਜ ਕਰਾਂਗੇ, ਪਰ ਇਸ ਨੇ ਮੇਰੇ ਲਈ ਕੁੱਝ ਨਾ ਕੀਤਾ। ਮੈਂ ਇਸਨੂੰ ਪੈਸੇ ਦੇ ਕੇ ਆਪਣੀਆਂ ਕਹਾਣੀਆਂ ਵੇਚਣ ਪ੍ਰੋਡਿਊਸਰਾਂ ਕੋਲ ਭੇਜਦੀ ਪਰ ਇਹ ਆਪਣੇ ਪੋਸਟਰ ਬਣਾਉਣ ਵਿੱਚ ਹੀ ਰੁਝਿਆ ਰਿਹਾ ਅਤੇ ਆਪਣਾ ਕੰਮ ਹਥਿਆਉਂਦਾ ਰਹਿੰਦਾ। ਮੇਰੇ ਪੈਸੇ ਖਾ ਗਿਆ। ਮੈਂ ਮੂਰਖ ਸੀ ਜੋ ਇਸ ਦੀਆਂ ਗੱਲਾਂ ਵਿੱਚ ਆ ਗਈ। ਕੁੱਝ ਨਹੀਂ ਬਚਿਆ ਮੇਰੇ ਕੋਲ। ਨਾ ਘਰ, ਨਾ ਛੱਤ, ਨਾ ਬੱਚੇ ਨਾ ਪਤੀ। ਇੱਥੋਂ ਤੱਕ ਕਿ ਢੰਗ ਦੇ ਕੱਪੜੇ ਵੀ ਨਹੀਂ। ਇਹੋ ਅਧੋਰਾਣਾ ਸੂਟ ਪਾ ਕੇ ਹੀ ਆਈ ਹਾਂ। ਧੋਖੇਬਾਜ਼ ਦੀ ਫਿਲਮ ਨਗਰੀ ਉਨ੍ਹਾਂ ਠੱਗਾਂ ਨੂੰ ਹੀ ਮੁਬਾਰਕ।

ਗਾਰਗੀ ਨੇ ਅੰਮ੍ਰਿਤਾ ਨੂੰ ਹੌਂਸਲਾ ਦਿੱਤਾ। ਉਠਾ ਕੇ ਬਾਹਰ ਲੈ ਲਿਆ। ਜਨਪਥ ਤੋਂ ਉਸ ਦੇ ਲਈ ਚਾਰ ਨਵੇਂ ਸੂਟ ਖਰੀਦ ਕੇ ਸਿਉਣ ਲਈ ਦਿੱਤੇ ਤੇ ਸਰਦਈ ਰੰਗ ਦੀ ਸੋਹਣੀ ਚੁੰਨੀ ਵੀ ਲੈ ਕੇ ਦਿੱਤੀ। ਭਾਪਾ ਪ੍ਰੀਤਮ ਸਿੰਘ ਹੋਰਾਂ ਨੂੰ ਫੋਨ ਕੀਤਾ, ਭਾਪਾ ਜੀ ਆਏ ਤਾਂ ਉਨ੍ਹਾਂ ਨੂੰ ਵੀ ਅੰਮ੍ਰਿਤਾ ਨੇ ਪੂਰੀ ਕਹਾਣੀ ਸੁਣਾਈ।

ਉਸੇ ਸ਼ਾਮ ਇਮਰੋਜ਼ ਵੀ ਗੱਡੀ ਫੜ ਕੇ ਦਿੱਲੀ ਪਹੁੰਚ ਗਿਆ। ਅੰਮ੍ਰਿਤਾ ਨੂੰ ਲੱਭਦਾ-ਲੱਭਦਾ ਜਦ ਗਾਰਗੀ ਦੇ ਘਰ ਪਹੁੰਚਿਆ ਤਾਂ ਬੁਖਾਰ ਨਾਲ ਉਸ ਦਾ ਸਰੀਰ ਭੱਖ ਰਿਹਾ ਸੀ। ਅੰਮ੍ਰਿਤਾ ਉਸਨੂੰ ਦੇਖ ਕੇ ਗਾਲ੍ਹਾਂ, ਤਾਨਿਆਂ ਤੇ ਇਲਜ਼ਾਮਾਂ ਦੀ ਬੋਛਾੜ ਕਰਨ ਲੱਗੀ। ਉਹ 'ਸ਼ੀਹਣੀ ਹੁਣ ਗੁੱਸੇ ਨਾਲ ਕੰਬ ਰਹੀ ਸੀ, ਪਰ ਬੁਖਾਰ ਨਾਲ ਭੰਨਿਆ ਇਮਰੋਜ਼ ਅੰਮ੍ਰਿਤਾ ਦੇ ਪਿਆਰ ਵਿੱਚ ਗੁੰਨ੍ਹਿਆ ਪਿਆ ਸੀ। ਉਸ ਨੇ ਸਿਰਫ ਇੰਨਾ ਹੀ ਕਿਹਾ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ ਅੰਮ੍ਰਿਤਾ। ਤੂੰ ਮੈਨੂੰ ਬਿਮਾਰੀ ਦੀ ਹਾਲਤ ਵਿੱਚ ਛੱਡ ਆਈ। ਮੈਂ ਵੀ ਹਮੇਸ਼ਾਂ ਲਈ ਬੰਬਈ ਛੱਡ ਕੇ ਤੇਰੇ ਲਈ ਆ ਗਿਆ। ਮੈਂ ਤਾਂ ਪੂਰੀ ਕੋਸ਼ਿਸ ਕੀਤੀ ਸੀ ਕਿ ਜੇ ਤੇਰੇ ਨਾਵਲਾਂ ਉੱਤੇ ਕਈ ਫਿਲਮਾਂ ਬਣਨ। ਇਮਰੋਜ਼ ਤੇਜ਼ ਤੁਰਸ਼ ਤੀਰਾਂ ਨਾਲ ਵਿੰਨਿਆ ਪਿਆ ਸੀ, ਕਿਉਂਕਿ ਉਸ ਦਾ ਆਪਣਾ ਪਿਆਰ ਹੀ ਉਸ ਨੂੰ ਬੇਵਫਾਈ ਤੇ ਮਤਲਬ ਪ੍ਰਸਤੀ ਦਾ ਇਲਜ਼ਾਮ ਲਾ ਰਿਹਾ ਸੀ। ਅੰਮ੍ਰਿਤਾ ਫਿਰ ਆਪਣੇ ਸਿਰ ਦੀ ਗੁਆਚੀ ਛੱਤ, ਵਿਛੜੇ ਪਤੀ ਤੇ ਬੱਚਿਆਂ ਦੀ ਦੁਹਾਈ ਪਾਉਣ ਲੱਗੀ।

ਗਾਰਗੀ ਤੇ ਭਾਪਾ ਪ੍ਰੀਤਮ ਹੋਰਾਂ ਸਲਾਹ ਦਿੱਤੀ ਕਿ ਕਿਉਂ ਨਾ ਇਸ ਦੇ ਪਤੀ ਪ੍ਰੀਤਮ ਸਿੰਘ ਕਵਾਤੜਾ ਨਾਲ ਸੁਲਾਹ ਸਫਾਈ ਕਰਵਾਉਣ ਦੀ ਕੋਸ਼ਿਸ ਕੀਤੀ ਜਾਵੇ। ਭਾਪਾ ਜੀ ਨੇ ਗੱਲ ਤੋਰਨ ਦੀ ਜ਼ਿੰਮੇਵਾਰੀ ਲੈ ਲਈ। ਭਾਪਾ ਜੀ ਉਨ੍ਹਾਂ ਦੇ ਘਰ ਪਹੁੰਚੇ ਤਾਂ ਅੰਮ੍ਰਿਤਾ ਦਾ ਸਹੁਰਾ ਤੇ ਪਤੀ ਦੋਵੇਂ ਬੈਠੇ ਹੋਏ ਸਨ। ਅੰਮ੍ਰਿਤਾ ਦਾ ਸਹੁਰਾ ਦਿੱਲੀ ਦੇ ਸਿੱਖ ਸਮਾਜ ਵਿੱਚ ਬਹੁਤ ਇੱਜ਼ਤਦਾਰ, ਅਮੀਰ ਤੇ ਨੇਕ ਇਨਸਾਨ ਸੀ। ਉਸ ਦੇ ਚਿੱਟੇ ਲਿਬਾਸ, ਚਿੱਟੀ ਪੱਗ ਤੇ ਦੁੱਧ ਚਿੱਟੀ ਦਾਹੜੀ ਕਰਕੇ ਉਹ ਕਿਸੇ ਰੱਬ ਦੇ ਬੰਦੇ ਦਾ ਮੁਜਸਮਾਂ ਲੱਗ ਰਿਹਾ ਸੀ। ਪੂਰੇ ਚਿਹਰੇ 'ਤੇ ਇੱਕ ਸ਼ਰਾਫਤ ਦਾ ਰੋਹਬ ਸੀ ਪਰ ਅੰਮ੍ਰਿਤਾ ਬਾਰੇ ਗੱਲਾਂ ਕਰਦੇ ਕਰਦੇ ਉਸ ਦੀਆਂ ਅੱਖਾਂ ਵਿੱਚ ਅੱਥਰੂ ਵਹਿ ਤੁਰੇ। ਉਸ ਨੇ ਕਿਹਾ ਭਾਪਾ ਪ੍ਰੀਤਮ ਸਿੰਘ ਸਿਰਫ ਮੈਂ ਹੀ ਨਹੀਂ ਦਿੱਲੀ ਦਾ ਸਾਰਾ ਸਿੱਖ ਸਮਾਜ ਤੇਰੀ ਬਹੁਤ ਇੱਜ਼ਤ ਕਰਦਾ ਹੈ ਪਰ ਸਾਡੀ ਨੂੰਹ ਅੰਮ੍ਰਿਤਾ ਨੇ ਚੰਗਾ ਨਹੀਂ ਕੀਤਾ। ਸਾਡੇ ਖਾਨਦਾਨ ਤੇ ਮੇਰੇ ਪੁੱਤਰ ਦੇ ਮਨ ਨੂੰ ਬਹੁਤ ਠੇਸ ਪਹੁੰਚਾਈ ਹੈ। ਅਸੀਂ ਰਿਸ਼ਤੇਦਾਰਾਂ ਵਿੱਚ ਮੂੰਹ ਵਿਖਾਉਣ ਜੋਗੇ ਨਹੀਂ ਰਹੇ। ਕੀ ਕਰਨਾ ਅਸੀਂ ਇਨ੍ਹਾਂ ਪੈਸਾ ਤੇ ਸ਼ੋਹਰਤ ਜਦ ਇੱਜਤ ਹੀ ਨਾ ਰਹੀ। ਭਾਪਾ ਜੀ ਨੂੰ ਬਜੁਰਗ ਦੀ ਚਿੱਟੀ ਦਾੜ੍ਹੀ ਵਿੱਚ ਵੀ ਅਟਕੇ ਅੱਥਰੂ ਦਿੱਸੇ ਉਹ ਵੀ ਪਸੀਜ ਗਏ। ਉਨ੍ਹਾਂ ਮਾਸੂਮ ਬੱਚੇ ਦਾ ਵਾਸਤਾ ਪਾਇਆ। ਅੰਮ੍ਰਿਤਾ ਨੂੰ ਮਾਫ ਕਰਨ ਦੀ ਬੇਨਤੀ। ਰਾਜੀਨਾਮਾ ਹੋ ਗਿਆ।

ਐਮ.ਐਸ.ਰੰਧਾਵਾ ਨੇ ਪਲਾਟ ਦੇ ਦਿੱਤਾ। ਪ੍ਰੀਤਮ ਸਿੰਘ ਨੇ ਅੰਮ੍ਰਿਤਾ ਨੂੰ ਹੋਜ਼ਖਾਸ ਵਿੱਚ ਕੋਠੀ ਪਾ ਕੇ ਦਿੱਤੀ। ਭਾਪਾ ਜੀ ਨੇ ਆਰਸੀ ਪੱਤ੍ਰਿਕਾ ਕੱਢਣ ਦਾ ਵਿਚਾਰ ਬਣਾਇਆ ਤਾਂ ਅੰਮ੍ਰਿਤਾ ਫਿਰ ਆਪਣੀ ਦੁਹਾਈ ਪਾਉਣ ਲੱਗੀ ਕਿ ਉਹ ਇੱਕ ਸੰਵੇਦਨਸ਼ੀਲ ਔਰਤ ਹੈ। ਉਸ ਦੀ ਕੋਈ ਸਾਹਿਤਕ ਪਹਿਚਾਣ ਨਹੀਂ ਬਣ ਰਹੀ। ਭਾਪਾ ਜੀ ਨੇ ਉਸ ਨੂੰ 'ਆਰਸੀ' ਦੀ ਪਹਿਲੀ ਸੰਪਾਦਕਾ ਨਿਯੁਕਤ ਕੀਤਾ। ਇਹ ਪਰਚਾ ਇੱਕਦਮ ਹਰਮਨ ਪਿਆਰਾ ਹੋ ਗਿਆ, ਜੋ ਦੂਸਰਿਆਂ ਤੋਂ ਵਿਲੱਖਣ ਸੀ। ਸਾਹਿਤਕ ਹਲਕਿਆਂ ਵਿੱਚ ਤਹਿਲਕਾ ਮੱਚ ਗਿਆ। ਅੰਮ੍ਰਿਤਾ ਤੇ ਭਾਪਾ ਜੀ ਦੀ ਇੱਜ਼ਤ ਵੱਧ ਗਈ। ਕੋਈ ਦੋ ਸਾਲ ਤੱਕ ਆਰਸੀ ਦੀ ਸੰਪਾਦਕਾ ਅੰਮ੍ਰਿਤਾ ਪ੍ਰੀਤਮ ਰਹੀ ਪਰ ਉਸ ਨੂੰ ਲੱਗਦਾ ਆਰਸੀ ਦੀ ਸ਼ੁਹਰਤ ਦਾ ਅੱਧਾ ਹਿੱਸਾ ਤਾਂ ਭਾਪਾ ਜੀ ਲੈ ਜਾਂਦੇ ਹਨ। ਉਸ ਨੇ ਆਰਸੀ ਤੋਂ ਅਲੱਗ ਹੋ ਕੇ ਨਾਗਮਣੀ ਕੱਢ ਲਿਆ। ਇਮਰੋਜ਼ ਉਸਦੇ ਨਾਲ ਸੀ। ਨਾਗਮਣੀ ਪਾਠਕਾਂ ਵਿੱਚ ਹਰਮਨ ਪਿਆਰਾ ਹੋ ਗਿਆ। ਇਮਰੋਜ਼ ਦੀ ਸੁਹਜ ਸਲਾਹ, ਰੇਖਾਂਕਿਕ ਪ੍ਰਤਿਭਾ ਨੇ ਉਸ ਨੂੰ ਹੋਰ ਚਾਰ ਚੰਨ ਲਾ ਦਿੱਤੇ, ਪਰ ਇੱਕ ਹੋਰ ਘਟਨਾ ਵਾਪਰੀ। ਇਮਰੋਜ਼ ਤੇ ਅੰਮ੍ਰਿਤਾ ਦੇ ਪ੍ਰੇਮ ਰਿਸ਼ਤੇ ਤੋਂ ਪ੍ਰੀਤਮ ਸਿੰਘ ਕਵਾਤੜਾ ਬਹੁਤ ਪ੍ਰੇਸ਼ਾਨ ਹੋਇਆ। ਆਖਿਰ ਉਹ ਹਮੇਸ਼ਾਂ ਲਈ ਘਰ ਛੱਡ ਆਪਣੇ ਪੁਰਾਣੇ ਘਰ ਚੱਲਿਆ ਗਿਆ।

ਪੱਤਰਕਾਰੀ ਦੀ ਸ਼ਕਤੀ ਅੰਮ੍ਰਿਤਾ ਨੂੰ ਸਮਝ ਲੱਗ ਗਈ ਸੀ। ਨਾਗਮਣੀ ਨਾਲ ਨਵੇਂ ਲੇਖਕਾਂ ਦਾ ਜੁੜਨਾ ਸੁਭਾਗ ਬਣ ਗਿਆ ਸੀ। ਨਵਾਂ ਲੇਖਕ ਨਾਗਮਣੀ ਵਿੱਚ ਛੱਪਣ ਨੂੰ ਸਥਾਪਤੀ ਦੀ ਮੋਹਰ ਸਮਝਦਾ। ਲੇਖਕ ਜਦ ਕਦੀ ਬੱਸ ਫੜ੍ਹ ਕੇ ਦਿੱਲੀ ਆਉਂਦਾ ਤਾਂ ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਦਾ ਯਾਦਗਾਰੀ ਮੌਕਾ ਭਾਲਦਾ। ਇਮਰੋਜ਼ ਦੇ ਹੱਥਾਂ ਦੀ ਬਣਾਈ ਬ੍ਰਿਓ ਕੀਤੀ ਚਾਹ ਦੀਆਂ ਚੁਸਕੀਆਂ ਦੀਆਂ ਯਾਦਾਂ ਸੰਭਾਲ ਕੇ ਰੱਖਦਾ। ਨਾਗਮਣੀ ਪਰਿਵਾਰ ਦੇ ਕਈ ਲੇਖਕ ਅੰਮ੍ਰਿਤਾ ਸਟਾਈਲ ਵਿੱਚ ਲਿਖਣ ਲੱਗ ਪਏ। ਨੇਕਸਲਾਈਟ ਮੂਵਮੈਂਟ ਵੇਲੇ ਹਰਭਜਨ ਹਲਵਾਰਵੀ ਤੇ ਪਾਸ਼ ਜੇਲ੍ਹ ਗਏ। ਦੋਵਾਂ ਦੀਆਂ ਜੇਲ੍ਹਾਂ ਵਿੱਚੋਂ ਲਿਖੀਆਂ ਕਵਿਤਾਵਾਂ ਨਾਲ ਨਾਗਮਣੀ ਹੋਰ ਮਸ਼ਹੂਰ ਹੋ ਗਈ। ਨਵੀਂ ਸੋਚ ਦੇ ਕਾਲਜਾਂ ਵਿੱਚ ਪੜ੍ਹਦੇ ਮੁੰਡੇ ਕੁੜੀਆਂ ਲਈ ਉਹ ਹੀਰੋ ਬਣ ਗਏ। ਦੋਵੇਂ ਜੇਲ੍ਹਾਂ ਬਾਹਰ ਆਏ ਤਾਂ ਦੋਵਾਂ ਨੇ ਦਿੱਲੀ ਚੱਕਰ ਮਾਰਨ ਦਾ ਫੈਸਲਾ ਕੀਤਾ। ਪਹਿਲੀ ਵਾਰ ਇੱਕ ਮਹਾਂਨਗਰ ਦੇ ਸਨਮੁੱਖ ਹੋਏ। ਕਨਾਟ ਪਲੇਸ ਦਾ ਇਤਿਹਾਸਕ ਕਾਫੀ ਹਾਊਸ ਦੇਖਿਆ ਜੋ ਇਨਕਲਾਬ ਦੀ ਨਵੀਂ ਸੋਚ ਦਾ ਮਰਕਜ਼ ਸਮਝਿਆ ਜਾਂਦਾ ਸੀ। ਪਾਸ਼ ਤੇ ਹਲਵਾਰਵੀ ਨੇ ਵੱਡੇ ਸਥਾਪਤ ਲੇਖਕਾਂ ਨੂੰ ਮਿਲਣ ਦੀ ਇੱਛਾ ਨਾਲ ਅੰਮ੍ਰਿਤਾ ਨੂੰ ਮਿਲਣ ਲਈ ਫੋਨ ਕੀਤਾ। ਅੰਮ੍ਰਿਤਾ ਨੇ ਬੁਲਾਇਆ। ਪਹੁੰਚੇ ਤਾਂ ਅਜੀਤ ਕੌਰ ਪਹਿਲਾਂ ਹੀ ਉੱਥੇ ਬੈਠੀ ਹੋਈ ਸੀ। ਪਾਸ਼ ਤੇ ਹਲਵਾਰਵੀ ਦੋ ਸਥਾਪਤ ਲੇਖਕਾਵਾਂ ਜੋ ਮਹਾਂਨਗਰ ਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦੀਆਂ ਸਨ ਤੇ ਇਹ ਵੀ ਸਮਝਦੀਆਂ ਸਨ ਕਿ ਇਨ੍ਹਾਂ 'ਖੇਤਾਂ ਦੇ ਪੁੱਤ' ਅਜੇ ਵੀ ਸਿਆੜਾਂ ਵਿਚਲੀ ਮਾਸੂਮੀਅਤ, ਸਾਦਗੀ ਤੇ ਸ਼ਹਿਰੀ ਦਾਅ ਪੇਚਾਂ ਤੋਂ ਅਣਜਾਣ ਹਨ ਅਤੇ ਇਹ ਤਾਂ ਸਿਰਫ ਵੱਡੀਆਂ ਕੋਠੀਆਂ, ਕਾਰਾਂ ਤੇ ਬ੍ਰਿਊ ਕੀਤੀ ਚਾਹ ਵਿੱਚੋਂ ਉੱਠਦੀਆਂ ਲਪਟਾਂ ਨਾਲ ਲਪੇਟੇ ਜਾ ਸਕਦੇ ਹਨ। ਅਜੀਤ ਕੌਰ ਤੇ ਅੰਮ੍ਰਿਤਾ ਨੇ ਆਪਣੇ ਆਪਣੇ ਸੰਭਗਤੀ ਅੰਦਾਜ਼ ਨਾਲ ਹੋਰ ਦੋਵਾਂ ਮੁੰਡਿਆਂ ਨੂੰ ਪ੍ਰਭਾਵਤ ਕੀਤਾ। ਚਾਹ ਦੇ ਦੌਰ ਚੱਲੇ। ਇਮਰੋਜ਼ ਦੀਆਂ ਪੇਂਟਿੰਗਜ਼ ਦੀ ਛਾਂ ਥੱਲੇ ਨਕਲੀ ਹਾਸਿਆਂ ਦੀ ਛਣਕਾਰਾਂ ਸੁਣੀਆਂ, ਸਿਗਰਟਾਂ ਦੇ ਦੌਰ ਚੱਲੇ। ਫਿਰ ਅੰਮ੍ਰਿਤਾ ਦੇ ਕਹਿਣ ਤੇ ਇੱਕੋ ਹੀ ਸਿਗਰਟ ਸਭ ਬੁੱਲ੍ਹਾਂ ਵਿੱਚ ਘੁੰਮਦੀ ਰਹੀ। ਆਪਣੀਆਂ ਨਵੀਆਂ ਕਵਿਤਾਵਾਂ ਨਾਗਮਮੀ ਵਿੱਚ ਭੇਜਣ ਦੇ ਵਾਇਦੇ ਸੰਗ ਥੱਲੇ ਉਤਰੇ ਤਾਂ ਅਜੀਤ ਕੌਰ ਨੇ ਬਾਹਰੋਂ ਕਰਤਾਰ ਸਿੰਘ ਦੁੱਗਲ ਤੇ ਭਾਪਾ ਪ੍ਰੀਤਮ ਸਿੰਘ ਦੀਆਂ ਕੋਠੀਆਂ ਵਿਖਾਈਆਂ। ਬੱਸ ਅੱਡੇ ਲਈ ਬੱਸ ਫੜਨ ਲਈ ਬੱਸ ਸਟੈਂਡ 'ਤੇ ਖੜ੍ਹੇ ਤਾਂ ਹਲਵਾਰਵੀ ਨੇ ਕਿਹਾ "ਯਾਰ ਪਾਸ਼ ਆਪਾਂ ਤਾਂ ਪਤਾ ਨਹੀਂ ਕਿਹੜੇ ਇਨਕਲਾਬ ਦੀ ਭਾਲ ਵਿੱਚ ਉਂਝ ਹੀ ਰੀਵਾਲਵਰ ਲੈ ਕੇ ਪੰਜਾਬ ਵਿੱਚ ਤਾਂ ਐਵੇਂ ਹੀ ਇਨਕਲਾਬ ਦੀ ਤਿਆਰੀ ਵਿੱਚ ਜੁਟੇ ਪਏ ਹਾਂ। ਐਥੇ ਦਿੱਲੀ ਵਿੱਚ ਤਾਂ ਇਨਕਲਾਬ ਤਾਂ ਆਇਆ ਪਿਆ ਹੈ। ਕਿਸ ਨੇ ਲਿਆਂਦਾ, ਸਾਨੂੰ ਪਤਾ ਹੀ ਨਹੀਂ ਲੱਗਾ।

ਅੰਮ੍ਰਿਤਾ ਨੇ ਵੀ ਨਾਗਮਣੀ ਦੀ ਸਾਹਿਤਕ ਪੱਤਰਕਾਰਤਾ ਦੀ ਖੂਬ ਖੱਟੀ ਖਾਧੀ। ਆਪਣਾ ਇਮੇਜ ਬਣਾਉਣ ਲਈ। ਆਪਣਾ ਸਾਹਿਤ ਵੇਚਣ ਲਈ ਜਿਸਦੇ ਵਿੱਚ ਬਹੁਤ ਸਾਰੇ ਅੱਧੇ ਕੱਚੇ ਨਾਵਲ ਤੇ ਕਹਾਣੀਆਂ ਵੀ ਸਨ। ਸਰਕਾਰੇ ਦਰਬਾਰੇ ਤੇ ਪਾਰਲੀਮੈਂਟ ਦੀਆਂ ਸੀਟਾਂ ਹਾਸਲ ਕਰਨ ਪਿੱਛੇ ਵੀ ਨਾਗਮਣੀ ਤੇ ਸਾਹਿਤਕ ਪੱਤਰਕਾਰੀ ਦੇ ਹੱਥਕੰਡੇ ਬੜੀ ਸਫਾਈ ਤੇ ਸੋਚੀ ਸਮਝਦੀਆਂ ਸਕੀਮਾਂ ਤੇ ਸਾਜ਼ਿਸ਼ਾਂ ਤਹਿਤ ਸੀ। ਨਾਗਮਣੀ ਦਾ ਜਾਦੂ ਉਸ ਵਿੱਚ ਛੱਪਣ ਵਾਲੇ ਕਈ ਲੇਖਕਾਂ ਉੱਤੇ ਵੀ ਚੱਲਿਆ। ਉਨ੍ਹਾਂ ਇਹੀ ਅੰਮ੍ਰਿਤਾ ਸਟਾਈਲ ਵਿੱਚ ਫਲਾਵਰੀ, ਕਾਵਿਕ ਕਿਸਮ ਦੀ ਕਹਾਣੀ ਨਾਵਲ ਦੀ ਭਾਸ਼ਾ ਤੇ ਸਿਰਫ ਅੰਮ੍ਰਿਤਾ ਪ੍ਰੀਤਮ ਨੂੰ ਪਸੰਦ ਆਉਣ ਵਾਲੀ ਕਵਿਤਾ ਲਿਖੀ ਤਾਂ ਕਿ ਅੰਮ੍ਰਿਤਾ ਉਨ੍ਹਾਂ ਨੂੰ ਲੇਖਕ ਮੰਨ ਲਵੇ। ਕਦੀ ਕਿਸੇ ਨਵੇਂ ਕਵੀ ਦੀ ਕਵਿਤਾ ਦੇ ਇਮੇਜ ਅੰਮ੍ਰਿਤਾ ਨੂੰ ਡਿਸਟਰਬ ਕਰਦੇ ਤਾਂ ਉਸ ਦਾ ਅੰਮ੍ਰਿਤਾ ਨਾਲ ਝਗੜਾ ਹੋ ਜਾਂਦਾ।

ਪਾਸ਼ ਦੀ ਕਵਿਤਾ ਦੇ ਬੇਬਾਕ ਤੇ ਸੂਲਾਂ ਵਾਲੇ ਇਮੇਜ਼ ਅੰਮ੍ਰਿਤਾ ਨੂੰ ਚੁੱਭਦੇ। ਉਸ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਚੰਗਾ ਕਹਿਣਾ ਪੈਂਦਾ ਪਰ ਢਿੱਡੋਂ ਪਸੰਦ ਨਹੀਂ ਸੀ ਕਰਦੀ ਕਿ ਕਿਤੇ ਨਾ ਕਿਤੇ ਉਹ ਤੇ ਪਾਤਰ ਉਸ ਤੋਂ ਅਗਾਂਹ ਜਾਂਦੇ ਲੱਗਦੇ। ਇਸ ਲਈ ਪਾਸ਼ ਦਾ ਅੰਮ੍ਰਿਤਾ ਨਾਲ ਝਗੜਾ ਹੋਣਾ ਜਰੂਰੀ ਹੀ ਸੀ। ਉਹ ਉਸ ਨੂੰ ਬਦਤਮੀਜ਼ ਮੰਨਦੀ ਤੇ ਪਾਸ਼ ਉਸ ਨੂੰ ਢੋਂਗੀ। ਇੱਕ ਵਾਰੀ ਮੇਰੇ ਸਾਹਮਣੇ ਪਾਸ਼ ਨੇ ਅੰਮ੍ਰਿਤਾ ਨੂੰ ਉਸ ਦੇ ਮੂੰਹ ਤੇ ਹੀ ਪੰਜਾਬੀ ਸਾਹਿਤ ਦਾ ਸਭ ਤੋਂ ਵੱਡਾ ਦੰਭ ਕਹਿ ਦਿੱਤਾ ਸੀ ਤੇ ਅੰਮ੍ਰਿਤਾ ਨੇ ਅੰਦਰ ਜਾ ਕੇ ਦਰਵਾਜ਼ਾ ਭੇੜ ਲਿਆ ਸੀ। ਨਾਗਮਣੀ ਨੇ ਕਈ ਸਪੋਲੀਏ ਕਿਸਮ ਦੇ ਲੇਖਕ ਪੈਦਾ ਕੀਤੇ। ਉਨ੍ਹਾਂ ਸਭ ਦੀ ਇੱਛਾ ਸੀ ਕਿ ਅੰਮ੍ਰਿਤਾ ਨੂੰ ਉਨ੍ਹਾਂ ਦੀ ਰਚਨਾ ਪਸੰਦ ਆਵੇ। ਉਹ ਪੋਲੀਆਂ-ਪੋਲੀਆਂ, ਪਿਲਪਿਲੀਆਂ ਰਚਨਾਵਾਂ ਰਚਦੇ। ਸ਼ਾਇਦ ਅੰਮ੍ਰਿਤਾ ਹਰ ਸਪੋਲੀਏ ਦਾ ਡੰਗ ਕੱਢ ਲੈਂਦੀ ਸੀ। ਉਹ ਜਿਸ ਦੀ ਵੀ ਪਿੱਠ ਪਲੋਸਦੀ ਉਸੇ ਦੀ ਰੀੜ ਦੀ ਹੱਡੀ ਕੱਢ ਲੈਂਦੀ। ਇਸੇ ਲਈ ਨਾਗਮਣੀ ਦੇ ਬੰਦ ਹੋਣ ਤਾਂ ਅੰਮ੍ਰਿਤਾ ਜੀ ਦੇ ਸਵਰਗ ਸਿਧਾਰਨ ਤੋਂ ਬਾਅਦ ਸਭ ਸਪੋਲੀਏ ਲੇਖਕ ਵੀ ਸਾਹਿਤਕ ਤੌਰ 'ਤੇ ਮਰ ਗਏ ਜਿਵੇਂ ਕਿਸੇ ਮੱਝ ਦੇ ਮਰਨ ਨਾਲ ਉਸ ਦੇ ਚਿੱਚੜ ਵੀ ਮਰ ਜਾਣ।

ਨਾਗਮਣੀ ਪਰਿਵਾਰ ਵਿੱਚੋਂ ਸਾਹਿਤਕ ਪੱਤਰਕਾਰੀ ਦੇ ਮਹਾਂ-ਸ਼ਸਤਰ ਦਾ ਉਪਯੋਗ ਤੇ ਦੁਰਉਪਯੋਗ ਪੰਜਾਬ ਦੇ ਹੋਰ ਕਈ ਸਾਹਿਤਕਾਰਾਂ ਨੇ ਖੂਬ ਕੀਤਾ। ਅੰਮ੍ਰਿਤਾ ਜਾਂ ਹੋਰ ਤੇ ਸਿਰਫ ਆਪਣੀ ਸਾਹਿਤਕ ਸਥਾਪਤੀ ਜਾਂ ਸਾਹਿਤਕ ਸੱਤਾ 'ਤੇ ਕਾਬਜ਼ ਹੋਣ ਲਈ ਕਰਦੇ ਰਹੇ ਪਰ ਅੰਮ੍ਰਿਤਸਰ ਦੇ ਸਾਹਿਤਕਾਰ ਨੇ ਸਾਹਿਤਕ ਮੈਗਜ਼ੀਨਾਂ ਨੂੰ ਮੱਠ ਹੀ ਬਣਾ ਲਿਆ। ਇਸੇ ਲਈ ਆਪਣੀ ਸੰਗਤਾਂ ਵਿੱਚ ਮਹੰਤ ਸਾਹਿਬ ਦੇ ਨਾਂਅ ਨਾਲ ਜਾਣੇ ਜਾਂਦੇ ਸਨ। ਆਪਣੇ ਦਫਤਰ ਵਾਲੀ ਪੁਰਾਣੀ ਬਿਲਡਿੰਗ ਵਿੱਚ ਸਥਾਪਤ ਮੱਠ ਵਿੱਚ ਬੈਠੇ ਪੂਰੀ ਦੁਨੀਆਂ ਨੂੰ ਬੌਣੇ ਤੇ ਬੇਕਾਰ ਲੇਖਕਾਂ ਦਾ ਦਰਜਾ ਦੇ ਰਹੇ ਸਨ। ਨਵੇਂ—ਨਵੇਂ ਲੇਖਕ ਸ਼ਰਧਾਲੂਆਂ ਤੋਂ ਹਰ ਤਰ੍ਹਾਂ ਦੀ ਸੇਵਾ ਕਰਵਾਉਂਦੇ ਹਨ। ਇਸ ਤੋਂ ਇਲਾਵਾ ਇਨਾਮਾਂ-ਸਨਮਾਨਾਂ ਦੀ ਸੇਵਾ ਤਾਂ ਚੱਲਦੀ ਹੀ ਹੈ। ਹਰ ਇਨਾਮ ਦੇ ਉਹ ਦਾਅਵੇਦਾਰ ਹਨ। ਜੇ ਉਨ੍ਹਾਂ ਨੂੰ ਮਿਲ ਗਿਆ ਤਾਂ ਫੈਸਲਾ ਦਰੁਸਤ ਹੁੰਦਾ ਹੈ, ਪਰ ਜੇ ਕਿਸੇ ਹੋਰ ਨੂੰ ਮਿਲ ਜਾਵੇ ਤਾਂ ਫੈਸਲਾ ਗਲਤ ਕਰਾਰ ਦੇਣਾ ਆਪਣਾ ਅਧਿਕਾਰ ਸਮਝਦੇ ਹਨ ਅਤੇ ਫੈਸਲਾ ਕਰਨ ਵਾਲਿਆਂ ਖਿਲਾਫ ਪੂਰੀ ਮੁਹਿੰਮ ਵੀ ਵਿੱਢਦੇ ਹਨ।

ਸਾਹਿਤਕ ਪੱਤਰਕਾਰੀ ਦਾ ਦੁਰਉਪਯੋਗ ਕਈ ਤਰ੍ਹਾਂ ਦਾ ਹੈ। ਫਿਲਹਾਲ ਵਾਲਾ ਗੁਰਬਚਨ ਹਮੇਸ਼ਾਂ ਭਾਸ਼ਾ ਦੀ ਪਕੜ ਦਾ ਧਨੀ ਹੈ ਤੇ ਪੜ੍ਹਿਆ-ਲਿਖਿਆ ਅਲੋਚਕ ਤੇ ਲੇਖਕ ਹੈ। ਉਸ ਦੀ ਭਾਸ਼ਾ ਦੀ ਰਵਾਨਗੀ ਤੇ ਵਿਸ਼ੇ ਦੀ ਪਕੜ ਵੱਲੋਂ ਉਸ ਦਾ ਹੱਥ ਕੋਈ ਨਹੀਂ ਫੜ ਸਕਦਾ, ਪਰ ਉਸ ਨੂੰ ਦੂਜੇ ਸਥਾਪਤ ਲੇਖਕਾਂ ਜਾਂ ਵੱਡੇ ਰੁਤਬੇ ਦੇ ਲੇਖਕਾਂ ਨੂੰ ਨਸ਼ਤਰ ਮਾਰ ਕੇ ਸਵਾਦ ਆਉਂਦਾ ਹੈ। ਉਸ ਦਾ ਫਿਲਹਾਲ ਬਹੁਤ ਵਧੀਆ ਮੈਗਜ਼ੀਨ ਹੈ, ਪਰ ਉਸ ਦੀ ਫਿਤਰਤ ਹੈ ਕਿ ਉਹ ਕਿਸੇ ਨਾ ਕਿਸੇ ਨਾਲ ਜ਼ਰੂਰ ਛੇੜਖਾਨੀ ਕਰਦਾ।

ਪਾਠਕ ਜੀ, ਤੁਸੀਂ ਸ਼ਾਇਦ ਸਮਝੋਗੇ ਕਿ ਮੈਂ ਆਪ ਵੀ ਅਜਿਹੀਆਂ ਗਲਤ ਕਾਰਵਾਈਆਂ ਕਰ ਰਿਹਾ ਹਾਂ, ਨਹੀਂ ਮੈਂ ਤਾਂ ਸਾਹਮਣੇ ਖੜ੍ਹ ਕੇ ਇਨ੍ਹਾਂ ਵੱਡੇ ਲੇਖਕਾਂ, ਮਿੱਤਰਾਂ ਜਾਂ ਕਦੀ ਰਹਿ ਚੁੱਕੇ ਮਿੱਤਰਾਂ ਨੂੰ ਹੱਥ ਜੋੜ ਕੇ ਬੇਨਤੀ ਕਰ ਰਿਹਾ ਹਾਂ ਕਿ ਸਾਹਿਤਕ ਪੱਤਰਕਾਰੀ ਇੱਕ ਬਹੁਤ ਜ਼ਿੰਮੇਦਾਰੀ ਵਾਲਾ ਕੰਮ ਹੈ। ਇਸ ਦੇ ਇਸਤੇਮਾਲ ਲਈ ਕੁੱਝ ਰੋਕਾਂ, ਟੋਕਾਂ ਜਾਂ ਆਪ ਹੀ ਨਿਰਧਾਰਤ ਕੀਤੀਆਂ ਬੰਦਸ਼ਾਂ ਹੋਣੀਆਂ ਚਾਹੀਦੀਆਂ ਹਨ। ਸਾਹਿਤ ਬਹੁਤ ਹੀ ਗੰਭੀਰ ਸਾਧਨ ਹੈ। ਸਿਰਜਣਾ ਦਾ, ਸਮਾਜਿਕ ਸੱਚ, ਆਉਣ ਵਾਲੇ ਯੁੱਗ ਦਾ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਪਲਾ ਫੜ੍ਹੋ। ਸਾਹਿਤਕ ਪੱਤਰਕਾਰੀ ਦੀ ਦੁਰਵਰਤੋਂ ਨਾ ਕਰੋ।

